# ਸਾਂਝੀ ਵਿਰਾਸਤ

ਜਿਲਦ-3 ਅੰਕ-33 2024 1-ਅੱਸੂ 556 (15-ਸਤੰਬਰ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੇਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ

1-ਅੱਸੂ 556 / 16-ਸਤੰਬਰ 2024 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਸਿੱਖ ਨੌਜਵਾਨਾਂ ਦੀ ਸਫ਼ਲਤਾ ਲਈ ਜਪੁਜੀ ਅਤੇ ਸੁਖਮਨੀ ਸਾਹਿਬ ਦੀ ਸਿੱਖਿਆ : ਭਾਗ-2 | ਡਾ. ਸਰਦਾਰ ਸੁਖਮੰਦਰ ਸਿੰਘ ਅਤੇ ਡਾ. ਸਰਦਾਰ ਕਾਬਲ ਸਿੰਘ | 8 |
| 5. | ਆਦਿ ਬੀੜ ਦਾ ਪਹਿਲਾ ਪ੍ਰਕਾਸ਼ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 10 |
| 6. | ਅਮਲ ਕਰਨ ਬਿਨਾ ਗੁਰਬਾਣੀ ਨੂੰ ਰਸਮ ਜਾਂ ਪੂਜਾ ਵਾਂਗ ਮੰਨਣਾ ਬੇਅਰਥ ਹੈ: ਭਾਗ-1 | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਲਦੇਵ ਸਿੰਘ | 12 |
| 7. | ਭਲੇ ਅਮਰਦਾਸ ਗੁਣ ਤੇਰੇ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 15 |
| 8. | ਸ੍ਰੀ ਹਰਿਕ੍ਰਿਸ਼ਨ ਧਿਆਈਐ | ਸਰਦਾਰ ਗੁਰਚਰਨ ਸਿੰਘ ਜੋਗੀ | 16 |
| 9. | ਵਾਰ ਸ੍ਰੀ ਭਗੌਤੀ ਜੀ ਕੀ | ਗਿਆਨੀ ਨਰੈਣ ਸਿੰਘ ਜੀ | 17 |
| 10. | ਗਜ਼ਲ : ਰਚਨਹਾਰ ਤਾਂ ਨਿਰ-ਆਕਾਰ ਹੈ | ਸ੍ਰੀ ਸਤੀਸ਼ ਗੁਲਾਟੀ | 19 |
| 11. | ਸਾਨੂੰ ਇਨ੍ਹਾਂ ਤੇ ਮਾਣ ਹੈ | ਸਰਦਾਰ ਰਣਸ਼ੇਰ ਰਾਜ ਸਿੰਘ | 20 |
| 12. | ਕੈਲਗਰੀ ਵਿਦਿਅਕ ਸੈਮੀਨਾਰ | ਡਾ. ਸਰਦਾਰ ਦਵਿੰਦਰ ਸਿੰਘ | 23 |
| 13. | Story of Months and the Calendar | Rubbina Singh | 25 |
| 14. | ਸੰਗਤ ਦੇ ਸੁਝਾਅ | ਗਲੋਬਲ ਸਿੱਖ ਕੌਂਸਿਲ | 26 |
| 15. | ਔਰਤਾਂ ਦਾ ਸਨਮਾਨ ਕਰੋ | ਸਰਦਾਰਨੀ ਸੁਰਜੀਤ ਕੌਰ ਸਾਰੰਗ | 27 |
| 16. | Darbar Sahib, Amritsar | Dr S. Rajbir Singh Bhatti | 28 |
| 17. | ਪਰਉਪਕਾਰ ਅਤੇ ਸ਼ੁਕਰਾਨਾ | ਸਰਦਾਰ ਓਂਕਾਰ ਸਿੰਘ ਟਿਵਾਣਾ | 31 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਸਾਂਝੀ ਵਿਰਾਸਤ | 32 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 34 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 35 |

# ਸੰਪਾਦਕੀ ਨੋਟ

(1-ਅਸੂ 556 / 15-ਸਤੰਬਰ 2024 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਅੱਸੂ ਦਾ ਮਹੀਨਾ ਹਰ ਸਾਲ 15 ਸਤੰਬਰ ਤੋਂ ਸ਼ੁਰੂ ਹੁੰਦਾ ਹੈ। ਪਹਿਲੀ ਸਤੰਬਰ 1604 ਨੂੰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਵਲੋਂ ਸੰਪਾਦਤ ਅਤੇ ਭਾਈ ਗੁਰਦਾਸ ਜੀ ਹਥੋਂ ਲਿਖੇ ਗਏ "ਆਦਿ ਗ੍ਰੰਥ" ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ, ਅਮ੍ਰਿਤਸਰ, ਵਿਚ ਕੀਤਾ ਗਿਆ। ਇਹ ਗੁਰੂ ਅਰਜਨ ਸਾਹਿਬ ਦੀ ਮੌਜੂਦਗੀ ਵਿਚ ਬਾਬਾ ਬੁੱਢਾ ਜੀ ਨੇ ਗੁਰ-ਵਾਕ ਲੈ ਕੇ ਕੀਤਾ। ਬਾਅਦ ਵਿਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸੇ ਵਿਚ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਤੇ ਸਦੀਵੀ ਗੁਰੂ ਦਾ ਦਰਜਾ ਦਿੱਤਾ।

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ ਬਾਅਦ 2 ਅੱਸੂ (16 ਸਤੰਬਰ) ਨੂੰ ਗੁਰੂ ਰਾਮਦਾਸ ਸਾਹਿਬ ਨੂੰ ਗੁਰਗੱਦੀ ਤੇ ਸੁਸ਼ੋਭਤ ਕੀਤਾ ਗਿਆ। ਇੱਸੇ ਦਿਨ ਗੁਰੂ ਰਾਮਦਾਸ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ ਬਾਅਦ ਗੁਰੂ ਅਰਜਨ ਸਾਹਿਬ ਦਾ ਗੁਰ-ਗੱਦੀ ਦਿਵਸ ਵੀ ਹੁੰਦਾ ਹੈ। ਗੁਰੂ ਅੰਗਦ ਸਾਹਿਬ ਦਾ ਗੁਰ-ਗੱਦੀ ਦਿਵਸ 4 ਅਸੂ (18 ਸਤੰਬਰ) ਨੂੰ ਹੈ। ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਵਣ ਦਾ ਦਿਨ 8 ਅੱਸੂ (22 ਸਤੰਬਰ) ਨੂੰ ਹੋਵੇਗਾ। ਅੱਸੂ ਦੀ 25 ਤਰੀਕ ਵਾਲੇ ਦਿਨ ਗੁਰੂ ਰਾਮਦਾਸ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ ਜਾਂਦਾ ਹੈ।

ਸਤੰਬਰ ਵਿਚ ਅੰਤਰ-ਰਾਸ਼ਟ੍ਰੀ ਪੱਧਰ ਤੇ ਵਿਸ਼ਵ ਵਿਚ ਜਨ-ਤੰਤਰ (Democracy), ਸ਼ਾਂਤੀ, ਪਛੜੇ ਲੋਕਾਂ ਦੀ ਸਹਾਇਤਾ ਕਰਨ ਅਤੇ ਸਾਖਰਤਾ (Literacy) ਫੈਲਾਉਣ ਦੇ ਕੰਮਾਂ ਲਈ ਯਤਨ ਕੀਤੇ ਜਾਂਦੇ ਹਨ।

ਸੰਯੁਕਤ ਰਾਸ਼ਟ੍ਰ (United Nations) ਵਲੋਂ ਹਵਾ ਤੇ ਦਰਿਆਵਾਂ ਨੂੰ ਗੰਦਗੀ ਤੋਂ ਬਚਾਉਣ ਅਤੇ ਪੀਣ ਵਾਲੇ ਪਾਣੀ ਨੂੰ ਸ਼ੁੱਧ ਰੱਖਣ ਬਾਰੇ ਲੋਕਾਂ ਦੀ ਸ਼ਮੂਲੀਅਤ ਦੇ ਲਈ ਦਿਨ ਮਨਾਏ ਜਾਂਦੇ ਹਨ।

ਪਹਿਲੇ ਸੋਮਵਾਰ ਨੂੰ ਮਜ਼ਦੂਰਾਂ ਦਾ ਦਿਨ (Labor Day), ਅਤੇ 11 ਤਰੀਕ ਨੂੰ ਬਜ਼ੁਰਗਾਂ ਦੇ ਸਨਮਾਨ ਵਿਚ ਵਿਸ਼ੇਸ਼ ਦਿਨ (Senior Citizen's Day) ਮਨਾਏ ਜਾਂਦੇ ਹਨ। ਇਸ ਸੰਬੰਧ ਵਿਚ 113 ਸਾਲ ਦੇ ਸਰਦਾਰ ਫੌਜਾ ਸਿੰਘ ਬਾਰੇ ਜਾਣਕਾਰੀ ਦਿੱਤੀ ਗਈ ਹੈ ਜੋ ਅਜੇ ਦੌੜ੍ਹਾਂ ਅਤੇ ਹੋਰ ਖੇਡਾਂ ਵਿਚ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ।

ਹਰ ਸਾਲ 5 ਸਤੰਬਰ ਨੂੰ ਭਾਰਤ ਦੇ ਮਹਾਨ ਫਿਲਾਸਫਰ, ਪ੍ਰੈਜ਼ੀਡੈਂਟ ਰਹੇ ਅਤੇ ਪ੍ਰਸਿੱਧ ਅਧਿਆਪਕ ਡਾ. ਰਾਧਾਕ੍ਰਿਸ਼ਨਨ ਦੇ ਜਨਮ ਦਿਨ ਤੇ ਅਧਿਆਪਕ ਦਿਵਸ (Teachers Day) ਮਨਾਇਆ ਜਾਂਦਾ ਹੈ। ਅੱਜ ਦੇ ਅਧਿਆਪਕ ਦੀਆਂ ਜ਼ਿਮੇਂਵਾਰੀਆਂ ਬਹੁਤ ਵਧ ਚੁੱਕੀਆਂ ਹਨ। ਇਸ ਲਈ ਇਹ ਦਿਨ ਸਮਾਜ ਦਾ ਧਿਆਨ ਉਨ੍ਹਾਂ ਦੀਆਂ ਲੋੜਾਂ ਵੱਲ ਦਵਾਉਣ ਲਈ ਬਹੁਤ ਮਹੱਤਵ ਰੱਖਦਾ ਹੈ।


ਮੁੱਖ ਸੰਪਾਦਕ

ਸਾਂਝੀ ਵਿਰਾਸਤ (sanjhivirasat.org)

ਕੈਲਗਰੀ (ਕੈਨੇਡਾ)

sanjhivirasat13@gmail.com

# ਅੱਸੂ ਦੇ ਮਹੀਨੇ ਦਾ ਪਾਠ
# ਅਤੇ ਵਿਆਖਿਆ
## ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ

ੴ ਸਤਿਗੁਰ ਪ੍ਰਸਾਦਿ॥

ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥ ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥ ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥ ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥ ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥11॥

### ਵਿਆਖਿਆ

ਲਗਾਤਾਰ ਬਦਲ ਰਹੀ ਕੁਦਰਤ ਦੇ ਪਿਛੋਕੜ ਵਿਚ ਸਤਿਗੁਰਾਂ ਨੇ ਪ੍ਰਭੂ ਪਤੀ ਤੋਂ ਵਿਛੜੀ ਜੀਵ ਰੂਪ ਇਸਤ੍ਰੀ ਦੇ ਮਨੋਭਾਵਾਂ ਦਾ ਬੜੀ ਵੇਦਨਾਮਈ ਵਰਣਨ ਕੀਤਾ ਹੈ। ਭਾਦਰੋਂ ਦੀ ਹੁੰਮਸ ਤੇ ਗਰਮੀ ਮਗਰੋਂ ਅਸੂ ਦੀ ਸੁਹਾਵਣੀ ਰੁੱਤ ਵਿਚ ਜੀਵ ਇਸਤ੍ਰੀ ਦੇ ਮਨ ਵਿਚ ਪ੍ਰਭੂ ਮਿਲਾਪ ਦੀ ਤਾਂਘ ਪਰਬਲ ਹੁੰਦੀ ਹੈ। ਉਹ ਪ੍ਰਭੂ ਮਿਲਾਪ ਤੋਂ ਬਿਨਾ ਵਿਅਕੁਲ ਹੈ। ਸੰਸਾਰਕ ਮੋਹ ਮਾਇਆ ਵਿਚ ਗੁਆਚੀ ਹੋਈ ਅਰਦਾਸ ਕਰਦੀ ਹੈ ਕਿ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਉਸਨੂੰ ਆਪਣੇ ਨਾਲ ਮਿਲਾ ਲਏ। ਦੁਨੀਆ ਦੇ ਝੂਠੇ ਮੋਹ ਪਿਆਰ ਵਿਚ ਫੱਸਕੇ ਮਨੁੱਖ ਆਪਣੇ ਪ੍ਰੀਤਮ ਪ੍ਰਭੂ ਨਾਲੋਂ ਵਿਛੁੜ ਕੇ ਖੁਆਰ ਹੋ ਰਿਹਾ ਹੈ। ਪਿਲਛੀ ਤੇ ਕਾਹੀ ਦੇ ਸਫ਼ੈਦ ਬੂਰ ਵਾਂਗ ਕੇਸ ਚਿੱਟੇ ਹੋ ਗਏ ਹਨ।

ਮੌਸਮ ਦੇ ਬਦਲਣ ਵਾਂਗ ਸਰੀਰ ਦਾ ਨਿੱਘ ਪਿੱਛੇ ਰਹਿ ਗਿਆ ਹੈ ਤੇ ਅਗਲੇ ਮੌਸਮ ਵਾਂਗ ਸਰਦੀ ਤੇ ਪਾਲੇ ਵਰਗੀ ਸਰੀਰਕ ਕਮਜ਼ੋਰੀ ਨੇ ਘੇਰ ਲਿਆ ਹੈ। ਇਹ ਤਮਾਸ਼ਾ ਵੇਖ ਕੇ ਮਨ ਘਬਰਾ ਜਾਂਦਾ ਹੈ। ਪਰ ਆਸ ਪਾਸ ਬਨਸਪਤੀ ਦੀਆਂ ਹਰੀਆਂ ਸ਼ਾਖਾਵਾਂ ਵੇਖ ਕੇ ਮਨ ਵਿਚ ਧੀਰਜ ਆ ਜਾਂਦਾ ਹੈ। ਜਿਹੜਾ ਜੀਵ ਅਡੋਲ ਅਵੱਸਥਾ ਵਿਚ ਪ੍ਰਭੂ ਦੁਆਰਾ ਹੋ ਰਹੇ ਪ੍ਰਵਰਤਨ ਵਿਚ ਮਨ ਨੂੰ ਟਿਕਾ ਕੇ ਅਡੋਲ ਅਵੱਸਥਾ ਵਿਚ ਰਹਿੰਦਾ ਹੈ ਉਹ ਜੀਵਨ ਦੀ ਮਿਠਾਸ ਅਨੁਭਵ ਕਰਦਾ ਹੈ। ਸਤਗੁਰਾਂ ਦੀ ਵਿਚੋਲਗੀ ਨਾਲ ਹੇ ਪਿਆਰੇ ਪ੍ਰਭੂ! ਅੱਸੂ ਰੂਪੀ ਇਸ ਉਮਰ ਵਿਚ ਮੇਹਰ ਕਰਕੇ ਮੈਨੂੰ ਆਪਣੇ ਮਿਲਾਪ ਦੀ ਦਾਤ ਬਖਸ਼ੋ ਜੀ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

## ਬਾਰਹ ਮਾਹਾ ਮਾਝ ਮਹਲਾ ੫ ਘਰੁ ੪
## ਅੱਸੂ ਦੇ ਮਹੀਨੇ ਦਾ ਪਾਠ ਅਤੇ ਵਿਆਖਿਆ
### ੴ ਸਤਿਗੁਰ ਪ੍ਰਸਾਦਿ ।

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥ ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥ ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥ ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥ ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥ ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥ ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥ ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥ ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥ 134

### ਵਿਆਖਿਆ

ਇੰਜੀ. ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ, ਪੰਜਾਬ (ਭਾਰਤ)

ਅੱਸੂ ਦੇ ਮਹੀਨੇ ਰਾਹੀਂ ਪੰਚਮ ਪਾਤਸ਼ਾਹ ਸਾਨੂੰ ਸੰਸਾਰੀ ਜੀਵਾਂ ਨੂੰ ਉਪਦੇਸ਼ ਕਰ ਰਹੇ ਹਨ ਕਿ ਅੱਸੂ ਦੀ ਮਿੱਠੀ ਮਿੱਠੀ ਰੁੱਤ ਵਿਚ ਪ੍ਰਭੂ ਦਾ ਪ੍ਰੇਮ ਉਛਾਲੇ ਮਾਰਦਾ ਹੈ ਕਿ ਉਸ ਨੂੰ ਕਿਵੇਂ ਮਿਲਿਆ ਜਾਵੇ। ਮਨ ਅਤੇ ਤਨ ਵਿਚ ਉਸ ਦੇ ਦਰਸ਼ਨਾਂ ਦੀ ਬੜੀ ਪਿਆਸ ਲੱਗੀ ਹੈ। ਪ੍ਰਭੂ ਦੇ ਪਿਆਰੇ ਏਸ ਪ੍ਰੇਮ ਨੂੰ ਵਧਾਉਣ ਵਿਚ ਮਦਦਗਾਰ ਹੁੰਦੇ ਹਨ। ਮੈਂ ਉਨ੍ਹਾਂ ਦੀ ਚਰਨੀਂ ਲਗਾਂ। ਪ੍ਰਭੂ ਤੋਂ ਬਿਨਾਂ ਆਨੰਦ ਦੀ ਪ੍ਰਾਪਤੀ ਕਿਵੇਂ ਹੋਵੇ ਜਦੋਂ ਕਿ ਕੋਈ ਹੋਰ ਥਾਂ ਨਹੀਂ ਹੈ। ਜਿਨ੍ਹਾਂ ਨੇ ਪ੍ਰਭੂ ਦੇ ਪ੍ਰੇਮ ਦਾ ਸਵਾਦ ਚੱਖ ਲਿਆ, ਉਹ ਰੱਜ ਗਏ ਹਨ। ਉਹ ਆਪਾ ਭਾਵ ਤਿਆਗ ਕੇ ਇਹੀ ਅਰਦਾਸ ਕਰਦੇ ਹਨ ਕਿ ਪ੍ਰਭੂ ਅਪਨੇ ਲੜ ਲਾਈ ਰੱਖੇ ਜਿਨ੍ਹਾਂ ਜੀਵ-ਇਸਤ੍ਰੀਆਂ ਨੂੰ ਪ੍ਰਭੂ ਪਤੀ ਨੇ ਆਪਣੇ ਨਾਲ ਮਿਲਾ ਲਿਆ ਹੈ ਉਹ ਫਿਰ ਵਿੱਛੜ ਕੇ ਕਿਤੇ ਨਹੀਂ ਜਾਂਦੀਆਂ। ਹੇ ਨਾਨਕ ! ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ। ਜਿਨ੍ਹਾਂ ਤੇ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ ਉਹ ਜੀਵ-ਇਸਤ੍ਰੀਆਂ ਸੁਖੀ ਵਸਦੀਆਂ ਹਨ।

### ਭਾਵ ਅਰਥ

ਅੱਸੂ ਦੇ ਮਹੀਨੇ ਦੀ ਮਿੱਠੀ-ਮਿੱਠੀ ਰੁੱਤ ਵਿੱਚ ਜੀਵ ਇਸਤ੍ਰੀ ਪ੍ਰਭੂ-ਪਤੀ ਨੂੰ ਮਿਲਣਾ ਲੋਚਦੀ ਹੈ। ਕਿਉਂਕਿ ਉਸ ਦੇ ਮਿਲਾਪ ਵਿੱਚ ਜੋ ਅਨੰਦ ਹੈ ਉਹ ਹੋਰ ਕਿਤੇ ਨਹੀਂ ਹੈ। ਇਸ ਲਈ ਆਪਣਾ ਆਪਾ ਛੱਡ ਕੇ ਅਰਦਾਸ ਕਰਨੀ ਚਾਹੀਦੀ ਹੈ ਕਿ ਪ੍ਰਭੂ ਪ੍ਰਮਾਤਮਾਂ ਸਾਨੂੰ ਆਪਣੇ ਲੜ ਲਾਈ ਰੱਖੇ। ਉਸ ਦੀ ਕਿਰਪਾ ਨਾਲ ਸਦੀਵੀ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ ।

## ਅੱਸੂ ਦੇ ਮਹੀਨੇ ਦੀ ਕਾਵਿਕ ਵਿਆਖਿਆ
### ਬਾਰਹ ਮਾਹਾ ਮਾਝ ਮਹਲਾ ੫ ਘਰੁ ੪

ਅੱਸੂਆ ਵੇ! ਦੱਸ ਕਿਵੇਂ ਮਿਲਾਂ ਮੈਂ ਪਿਆਰੜੇ
ਨੂੰ, ਬੜਾ ਮੈਨੂੰ ਚਾਅ ਤੇ ਉਮਾਹ ਹੈ ।

ਆਣ ਕੇ ਮਿਲਾਵੇ, ਮੇਰੀ ਪਿਆਸ ਨੂੰ ਬੁਝਾਵੇ
ਕੋਈ, ਤਨੋਂ ਮਨੋਂ ਮਿਲਣੇ ਦੀ ਚਾਹ ਹੈ ।

ਪ੍ਰਭੂ ਦੇ ਪਿਆਰੇ ਸੰਤ ਕਰਨਗੇ ਸਹਾਇਤਾ,
ਜੇ ਚਰਨੀ ਉਨ੍ਹਾਂ ਦੇ ਲੱਗ ਜਾਵਾਂਗੇ ।

ਪ੍ਰਭੂ ਤੋਂ ਬਗੈਰ ਦੂਜੀ ਥਾਂ ਹੀ ਨਹੀਂ ਹੋਰ ਕੋਈ,
ਦੱਸੋ ਫੇਰ ਸੁੱਖ ਕਿੱਥੇ ਪਾਵਾਂਗੇ ।

ਚੱਖ ਲਿਆ ਰਸ ਜਿੰਨਾਂ ਪ੍ਰਭੂ ਦੇ ਪ੍ਰੇਮ ਵਾਲਾ,
ਰੱਜ ਗਏ ਤੇ ਹੋ ਗਏ ਨਿਹਾਲ ਉਹ ।

ਆਪਾ ਭਾਵ ਛੱਡ ਕੇ ਤੇ ਕਰਦੇ ਨੇ ਬੇਨਤੀ,
ਜੇ ਲਾਵੇ ਲੜ ਆਪਣੇ ਦੇ ਨਾਲ ਉਹ ।

ਜਿਨ੍ਹਾਂ ਨੂੰ ਪ੍ਰਭੂ ਪਤੀ ਨਾਲ ਹੈ ਮਿਲਾ ਲੈਂਦਾ,
ਸਕਦਾ ਵਿਛੋੜਾ ਕਦੇ ਪੈ ਨਹੀਂ ।

ਨਾਨਕ ਜੀ ਆਖਦੇ ਨੇ, ਮੈਂ ਹਾਂ ਉਹਦੀ ਸ਼ਰਨ
ਵਿੱਚ, ਜੀਹਦੇ ਬਿਨਾਂ ਦੂਜਾ ਹੋਰ ਹੈ ਨਹੀਂ ।

ਅੱਸੂ ਦੇ ਮਹੀਨੇ ਵਿੱਚ ਉਹੀ ਜੀਵ
ਇਸਤ੍ਰੀਆਂ,
ਸੁੱਖਾਂ ਵਿੱਚ ਸਦਾ ਨੇ ਵਸੇਂਦੀਆਂ।

'ਨੂਰ' ਜਿਨ੍ਹਾਂ ਉੱਤੇ ਕਰੇ ਮੇਹਰ ਪਰਮਾਤਮਾ,
ਉਹ ਸਦਾ ਹੀ ਆਨੰਦ ਨੇ ਕਰੇਂਦੀਆਂ ॥



ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ, ਪੰਜਾਬ (ਭਾਰਤ)
9815023970

## ਬਾਰਹ ਮਾਹਾ ਤੁਖਾਰੀ ਛੰਤ ਮਹਲਾ ੧
## ਅੱਸੂ ਮਹੀਨੇ ਦਾ ਪਾਠ ਅਤੇ ਉਸ ਦੀ ਕਾਵਿਕ ਵਿਆਖਿਆ

ੴ ਸਤਿਗੁਰ ਪ੍ਰਸਾਦਿ
ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥
ਆਗੈ ਘਾਮ ਪਿਛੈ ਰੁਤਿ ਜਾਡਾ
ਦੇਖਿ ਚਲਤ ਮਨੁ ਡੋਲੇ॥
ਦਹ ਦਿਸਿ ਸਾਖ
ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ
ਭਏ ਬਸੀਠਾ ॥੧੧॥

(ਕਾਵਿਕ ਵਿਆਖਿਆ ਇੰਜੀ. ਸਰਦਾਰ ਕਰਮਜੀਤ ਸਿੰਘ ਨੂਰ)

ਅੱਸੂ ਦੇ ਮਹੀਨੇ ਵਿੱਚ ਆਣ ਮਿਲੋ
ਪਿਆਰੇ ਪ੍ਰਭੂ, ਪਈ ਅਰਦਾਸਾਂ ਜੀਵ
ਇਸਤਰੀ ਹੈ ਕਰਦੀ।

ਹੋਰ ਦੇ ਪਿਆਰ 'ਚ ਖੁਆਰ ਹੋਈ ਨਾਰ
ਜਿਵੇਂ, ਪਤੀ ਦੇ ਵਿਛੋੜੇ 'ਚ ਹੈ ਝੁਰ ਝੁਰ
ਮਰਦੀ।

ਝੂਠੀ ਇਸ ਦੁਨੀਆਂ ਦੇ ਮੋਹ ਨੇ ਖਰਾਬ
ਕੀਤਾ, ਕਾਹੀ ਦਿਆ ਬੂਟਿਆਂ ਤੇ ਬੂਰ
ਪਿਆ ਬੋਲਦਾ।

ਲੰਘ ਗਈ ਜਵਾਨੀ ਰੁੱਤ ਆ ਗਈ ਬੁਢਾਪੇ
ਵਾਲੀ,
ਇਹੋ ਸੋਚ ਸੋਚ ਮੇਰਾ ਚਿੱਤ ਪਿਆ
ਡੋਲਦਾ।

ਹਰੀ ਹਰ ਟਾਹਣੀ ਹਰਿਆਵਲ ਹੈ ਹਰ
ਪਾਸੇ, ਵੇਖ ਵੇਖ ਮਨ ਨੂੰ ਇਹ ਚੰਗੀ ਚੰਗੀ
ਜਾਪਦੀ।

ਰਹੇ ਜੀਵ ਆਤਮਾ ਦ੍ਰਿੜ ਜੇ ਅਡੋਲਤਾ 'ਚ,
ਮਿਲਦੀ ਹੈ ਖੁਸ਼ੀ ਉਹਨੂੰ ਪ੍ਰਭੂ ਦੇ ਮਿਲਾਪ
ਦੀ।

ਅੱਸੂ ਦੇ ਮਹੀਨੇ ਵਿੱਚ ਨਾਨਕ ਦੀ ਬੇਨਤੀ
ਹੈ, ਬਣ ਜਾਏ ਸਬੱਬ ਉਹਦੀ ਮਿਹਰ ਦੇ
ਇਸ਼ਾਰੇ ਦਾ।

'ਨੂਰ' ਬਣ ਜਾਵੇ ਜੇ ਵਿਚੋਲਾ ਸੱਚਾ ਗੁਰੂ
ਕਿਤੇ,
ਹੋ ਜਾਵੇ ਸਾਨੂੰ ਵੀ ਦੀਦਾਰ ਉਸ ਪਿਆਰੇ
ਦਾ।

# ਸਿੱਖ ਨੌਜਵਾਨਾਂ ਦੀ ਸਫ਼ਲਤਾ ਲਈ ਜਪੁਜੀ ਅਤੇ ਸੁਖਮਨੀ ਸਾਹਿਬ ਦੀ ਸਿਖਿਆ: ਭਾਗ-2

ਡਾ. ਸਰਦਾਰ  ਸੁਖਮੰਦਰ ਸਿੰਘ, ਸਾਂਟਾ ਕਲਾਰਾ, ਕੈਲੀਫੋਰਨੀਆਂ (ਅਮਰੀਕਾ) ਅਤੇ
ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ, ਐਲਬਰਟਾ (ਕੈਨੇਡਾ)

ਗੁਰੂ ਨਾਨਕ ਜੀ (ਮਹਲਾ 1) ਦੀ ਇਹ ਬਾਣੀਂ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਅੰਕਤ ਹੈ ’ਤੇ ਇਸ ਸਾਰੀ ਗੁਰਬਾਣੀ ਦਾ ਨਿਚੋੜ ਸਮਝੀ ਜਾਂਦੀ ਹੈ। ਇਹ ਨਿਤਨੇਮ ਦਾ ਹਿਸਾ ਹੈ ਤੇ ਸਭ ਤੋਂ ਵੱਧ ਪੜ੍ਹੀ ਜਣ ਵਾਲੀ ਬਾਣੀਂ ਹੈ। ਅਰੰਭ ਵਿਚ ਪ੍ਰਮਾਤਮਾ ਬਾਰੇ ਸਮਝਾਉਣ ਲਈ ਗੁਣਾਂ ਦੀ ਵਿਆਖਿਆ ਕੀਤੀ ਗਈ ਹੈ। ਇਸ ਤੋਂ ਬਾਅਦ ਇੱਕ ਸੱਚਾ ਮਨੁੱਖ (ਪੁਰਸ਼ ਜਾਂ ਇਸਤਰੀ) ਬਣਨ ਲਈ ਹੇਠ ਲਿਖੇ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ ਗਏ ਹਨ:

- ਹਉਮੈ ਨਾ ਰੱਖਣਾ ਅਤੇ ਰੱਬ ਦੀ ਰਜ਼ਾ ਅਨੁਸਾਰ ਜੀਵਨ ਬਤੀਤ ਕਰਨਾ।
- ਗੁਰਬਾਣੀ ਦੇ ਉਪਦੇਸ਼ ਸੁਣ ਕੇ ਜੀਵਨ ਬਤੀਤ ਕਰਨ ਨਾਲ ਕਿਹੋ ਜਿਹਾ ਪਵਿੱਤਰ ਮਨੁਖ ਬਣਦਾ ਹੈ।
- ਜੀਵ ਗੁਰਬਾਣੀ ਸੇਧਾਂ ਅਨੁਸਾਰ ਜੀਵਨ ਬਤੀਤ ਕਰਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ ਅਤੇ ਦੂਜਿਆਂ ਦੀ ਮਦਦ ਕਰ ਸਕਦਾ ਹੈ।
- ਬ੍ਰਹਿਮੰਡ ਕਿਵੇਂ ਬਣਿਆ ਅਤੇ ਧਰਤੀ ਇਸ ਵਿੱਚ ਕਿਵੇਂ ਆਪਣੀ ਥਾਂ ਤੇ ਟਿਕੀ ਹੋਈ ਹੈ।
- ਅਣਗਿਣਤ ਮਨੁੱਖ ਪ੍ਰਾਰਥਨਾ ਕਰਦੇ ਹਨ ਅਤੇ ਪ੍ਰਮਾਤਮਾ ਦੀ ਉਸਤਤ ਕਰਦੇ ਹਨ।




- ਅਣਗਿਣਤ ਮਨੁੱਖ ਮੂਰਖ, ਜ਼ਾਲਮ, ਪਾਪੀ, ਝੂਠੇ ਅਤੇ ਬੁਰੇ ਹਨ।
- ਮੈਲੇ ਸਰੀਰ ਨੂੰ ਪਾਣੀ ਨਾਲ ਸਾਫ਼ ਕੀਤਾ ਜਾ ਸਕਦਾ ਹੈ।
- ਮੈਲੇ ਮਨ ਨੂੰ ਸਾਫ ਕਰਨ ਲਈ ਨਾਮ ਜਪਣ ਦੁਆਰਾ ਦਿਸ਼ਾ ਨਿਰਦੇਸ਼ਾਂ ਦੀ ਲੋੜ ਹੈ।
- ਤੁਸੀਂ ਉਹੀ ਵੱਢਦੇ ਹੋ ਜੋ ਬੀਜਦੇ ਹੋ।
- ਸਿਰਜਣਹਾਰ (ਰੱਬ) ਨੂੰ ਛੱਡ ਕੇ, ਕੋਈ ਵੀ (ਪ੍ਰਚਾਰਕ ਜਾਂ ਪਵਿੱਤਰ ਵਿਅਕਤੀ, ਆਦਿ) ਨਹੀਂ ਜਾਣਦਾ ਕਿ ਬ੍ਰਹਿਮੰਡ ਕਿਵੇਂ ਕੰਮ ਕਰਦਾ ਹੈ।
- ਇੱਥੇ ਅਣਗਿਣਤ ਧਰਤੀਆਂ (ਗ੍ਰਹਿ) ਅਤੇ ਆਕਾਸ਼ ਆਦਿ ਹਨ; ਜਦੋਂ ਕਿ ਕਿਤਾਬਾਂ (ਧਾਰਮਿਕ ਅਤੇ ਹੋਰ) ਵਿਚ ਕੁਝ ਸੀਮਤ ਸੰਖਿਆਵਾਂ ਲਿਖੀਆਂ ਹੋਈਆਂ ਹਨ।

- ❖ ਪ੍ਰਮਾਤਮਾ ਮਨੁੱਖਾਂ ਨੂੰ ਵੱਖੋ-ਵੱਖਰੇ ਕੰਮਾਂ ਲਈ ਬਣਾਉਂਦਾ ਹੈ, ਜਿਵੇਂ ਪਰਿਵਾਰਕ, ਦਾਨੀ, ਭਗਤ, ਪ੍ਰਬੰਧਕ ਅਤੇ ਹੋਰ; ਜੋ ਜੀਵਾਂ ਦੇ ਵਸ ਵਿਚ ਨਹੀਂ ਹੈ।
- ❖ ਹਰ ਮਨੁੱਖ ਬਰਾਬਰ ਹੈ।
- ❖ ਗੁਰਬਾਣੀ ਦੇ ਗਿਆਨ ਦੀ ਵਰਤੋਂ ਕਰਕੇ ਅਸੀਂ ਆਪਣੇ ਵਿਚਾਰਾਂ ਨੂੰ ਆਕਾਰ ਦੇ ਸਕਦੇ ਹਾਂ; ਜਿਵੇਂ ਕਿ ਧਾਤੂ ਨੂੰ ਆਕਾਰ ਦੇਣ ਵਾਲੇ ਲੁਹਾਰ, ਸੁਨਿਆਰ, ਆਦਿ ਕਰਦੇ ਹਨ।
- ❖ ਹਵਾ (ਗੁਰੂ ਹੈ), ਪਾਣੀ (ਪਿਤਾ ਵਾਂਗ ਹੈ) ਅਤੇ ਧਰਤੀ (ਮਾਤਾ ਵਰਗੀ ਹੈ)। ਸਭ ਕੁਝ ਪ੍ਰਦਾਨ ਕਰਦੇ ਹਨ।
- ❖ ਚੰਗੇ ਅਤੇ ਮਾੜੇ ਕਰਮਾਂ ਦੀ ਨਿਗਰਾਨੀ ਰੱਖੀ ਜਾਂਦੀ ਹੈ।
- ❖ ਨਾਮ ਦੀ ਮਿਹਨਤ ਕਰਕੇ ਮਨੁੱਖ (ਸਾਰੀਆਂ ਬੁਰਾਈਆਂ, ਦੁਖਾਂ ਆਦਿ ਤੋਂ ਮੁਕਤ ਹੋ ਸਕਦਾ ਹੈ।

## ਜਪੁਜੀ ਸਾਹਿਬ ਦਾ ਕੇਂਦਰੀ ਸੁਨੇਹਾ

ਜਪੁਜੀ ਸਾਹਿਬ ਦਾ ਕੇਂਦਰੀ ਸੁਨੇਹਾ ਪ੍ਰਮਾਤਮਾ ਅਤੇ ਮਨੁੱਖਤਾ ਦੀ ਏਕਤਾ ਹੈ; ਅਤੇ ਪ੍ਰਮਾਤਮਾ ਹੀ ਹੈ ਜੋ ਸਭ ਦਾ ਸਿਰਜਣਹਾਰ ਹੈ ਅਤੇ ਸਭ ਵਿੱਚ ਵਿਆਪਕ ਹੈ। ਇਸਦਾ ਅਰਥ ਹੈ ਕਿ ਸਾਡਾ ਇੱਕ ਦੂਜੇ ਅਤੇ ਪ੍ਰਮਾਤਮਾ ਨਾਲ ਇੱਕ ਸਬੰਧ ਹੈ। ਭਾਂਵੇਂ ਹਰ ਇਕ ਮਨੁਖ ਦੁਸਰਿਆਂ ਨਾਲੋਂ ਵੱਖ ਹੈ ਪਰ ਸਾਨੂੰ ਜਾਤ, ਧਰਮ ਜਾਂ ਨਸਲ ਦੀ ਪਰਵਾਹ ਕੀਤੇ ਬਿਨਾਂ, ਸਾਰਿਆਂ ਨਾਲ ਬਰਾਬਰ ਦਾ ਵਿਹਾਰ ਕਰਨਾ ਚਾਹੀਦਾ ਹੈ।

ਜਪੁਜੀ ਸਾਹਿਬ ਗੁਰਬਾਣੀ ਦੀ ਸਿਖਿਆ ਲੈਂਣ ਦੇ ਲਾਭ ਦੱਸਦਾ ਹੈ ਅਤੇ ਗਿਆਨ ਦੀ ਵਰਤੋਂ ਨਾਲ ਮਨੁੱਖ ਨੂੰ ਨਿਰਭਉ ਅਤੇ ਨਿਰਵੈਰ, ਯਾਨਿ ਡਰ, ਦੁਸ਼ਮਣੀ / ਨਫ਼ਰਤ ਤੋਂ ਮੁਕਤ ਬਣਾਉਂਦਾ ਹੈ। ਜਦੋਂ ਕੋਈ ਜਪੁਜੀ ਵਿੱਚੋਂ ਗਿਆਨ ਦੀ ਡੂੰਘਾਈ ਨਾਲ ਪੜਚੋਲ ਕਰਦਾ ਹੈ ਤਾਂ ਇਸ ਨਾਲ ਉਸ ਨੂੰ ਸਾਰੀਆਂ ਰੁਕਾਵਟਾਂ / ਤਣਾਅ / ਚਿੰਤਾਵਾਂ ਤੋਂ ਉਪੱਰ ਉਠਣ; ਜਿਨ੍ਹਾਂ ਦਾ ਅਸੀਂ ਅਕਸਰ ਸਾਹਮਣਾ ਕਰਦੇ ਹਾਂ, ਅਤੇ ਪ੍ਰਮਾਤਮਾ ਦੀ ਇੱਛਾ (ਹੁਕਮ) ਨੂੰ ਸਵੀਕਾਰ ਕਰਨ ਨਾਲ ਤਕਲੀਫ ਨਹੀਂ ਹੁੰਦੀ।

ਜਿਵੇਂ-ਜਿਵੇਂ ਕਿਸੇ ਦੀ ਜਪੁਜੀ ਦੀ ਸਮਝ ਵਧਦੀ ਹੈ, ਵਿਅਕਤੀ ਵਧੇਰੇ ਪਿਆਰਾ, ਵਧੇਰੇ ਹੱਸਮੁੱਖ ਅਤੇ ਘੱਟ ਤਣਾਅ ਵਾਲਾ ਬਣਦਾ ਜਾਂਦਾ ਹੈ। ਜਪੁਜੀ ਸਾਹਿਬ ਵਿਚ ਸਪਸ਼ਟ ਸਮਝਾਇਆ ਗਿਆ ਹੈ ਕਿ ਜੋ ਲੋਕ ਪ੍ਰਮਾਤਮਾ ਦੀ ਰਜ਼ਾ ਨਾਲ ਜੁੜਦੇ ਹਨ, ਉਹਨਾਂ ਵਿੱਚ ਬ੍ਰਹਮ ਪ੍ਰਕਾਸ਼ ਹੁੰਦਾ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (ਪੰਨਾ 8)॥

ਵਿਚਾਰਾਂ ਦੀਆਂ ਭੁੱਲਾਂ ਲਈ ਮੁਆਫੀ ਜੀ।

ਨੋਟ :

ਲੜੀ ਜੋੜਨ ਲਈ ਭਾਗ-1 ਪਿਛਲੇ ਅੰਕ ਵਿਚ ਪੜੋ ਜੀ। ਇਸ ਲੇਖ ਦਾ ਭਾਗ-3 ਅਗਲੇ ਅੰਕ ਵਿਚ ਪੜੋ ਜੀ)

# ਆਦਿ ਬੀੜ ਦਾ ਪਹਿਲਾ ਪ੍ਰਕਾਸ਼

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਸਤਿਗੁਰਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਦੀ ਵਡਿਆਈ ਕਰਦਿਆਂ ਇਸਨੂੰ 'ਖਸਮ ਕੀ ਬਾਣੀ', ਪ੍ਰਭੂ ਵਲੋਂ ਮਨੁੱਖਤਾ ਨੂੰ ਦਿੱਤੀ ਅਮੋਲਕ ਦਾਤ, ਅੰਮ੍ਰਿਤ ਦਾ ਸੋਮਾ, ਆਤਮਕ ਗੁਣਾਂ ਦਾ ਖ਼ਜ਼ਾਨਾ ਦੱਸਿਆ ਹੈ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (722)॥ ਅਤੇ।

ਭਗਤਿ ਭੰਡਾਰ ਗੁਰਬਾਣੀ ਲਾਲ॥ ਗਾਵਤ ਸੁਨਤ ਕਮਾਵਤ ਨਿਹਾਲ ॥(376)

ਗੁਰੂ ਅੰਗਦ ਸਾਹਿਬ ਨੇ ਗੁਰਬਾਣੀ ਨੂੰ ਨਾਮ ਦੀ ਮੂਲ ਵਸਤੂ ਅਤੇ ਆਤਮਕ ਗਿਆਨ ਦਾ ਸੋਮਾ ਦੱਸਿਆ:

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ (1243)

ਗੁਰੂ ਅਮਰਦਾਸ ਸਾਹਿਬ ਨੇ ਤਾਂ ਗੁਰਬਾਣੀ ਨੂੰ ਆਪ ਨਿਰੰਕਾਰ ਦਾ ਰੂਪ ਦਸਦਿਆਂ ਫ਼ੁਰਮਾਇਆ ਹੈ :

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥ (515)

ਗੁਰੂ ਰਾਮਦਾਸ ਸਾਹਿਬ ਨੇ ਫ਼ੁਰਮਾਇਆ ਹੈ ਕਿ ਵਾਹਿਗਰੂ ਨੇ ਆਪ ਗੁਰਬਾਣੀ ਗੁਰੂ ਪਾਸੋਂ ਬੁਲਵਾਈ ਹੈ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ॥

ਹਰਿ ਕਰਤਾ ਆਪਿ ਮੁਹਹੁ ਕਢਾਏ॥ (308}

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਸਾਹਿਬ ਨੇ ਇਸ ਨੂੰ ਧੁਰੋਂ ਵਾਹਿਗੁਰੂ ਪਾਸੋ ਆਈ ਬਾਣੀ ਕਿਹਾ:

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ ॥(628}

ਇਤਨੀ ਅਮੋਲਕ ਵਸਤੂ ਨੂੰ ਆਪ ਸੰਭਾਲਣ ਦੀ ਥਾਂ ਹੋਰਨਾ ਲਈ ਛੱਡ ਦੇਣਾ ਕਿਸੇ ਪ੍ਰਕਾਰ ਵੀ ਇਸ ਦੇ ਰਚਣਹਾਰ ਗੁਰੂ ਸਤਿਗੁਰਾਂ ਤੋਂ ਆਸ ਨਹੀਂ ਕੀਤੀ ਜਾ ਸਕਦੀ। ਭਾਈ ਗੁਰਦਾਸ ਜੀ ਦੀ ਬਾਣੀ (ਵਾਰ 1/32) ਤੋਂ ਇਸ ਸਚਾਈ ਦਾ ਠੋਸ ਪ੍ਰਮਾਣ ਮਿਲਦਾ ਹੈ।

ਗੁਰੂ ਨਾਨਕ ਸਾਹਿਬ ਦੇ ਪਾਸ ਆਪਣੀ ਰਚਿਤ ਬਾਣੀ ਦਾ ਇਕ ਗ੍ਰੰਥ ਸੀ ਜੋ ਉਹ ਹਮੇਸ਼ਾ ਆਪਣੇ ਨਾਲ ਰਖਦੇ ਸਨ।

ਬਾਬਾ ਫਿਰ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ। ਆਸਾ ਹੱਥ ਕਿਤਾਬ ਕੱਛ, ਕੂਜਾ ਬਾਂਗ ਮੁਸੱਲਾ ਧਾਰੀ।

'ਮਹਿਮਾਂ ਪ੍ਰਕਾਸ਼' ਗ੍ਰੰਥ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਕਿਹਾ ਕਿ ਗੁਰਮੁਖਿ ਪੰਥ ਲਈ ਗੁਰਬਾਣੀ ਦੇ ਇੱਕ ਗ੍ਰੰਥ ਦੀ ਰਚਨਾ ਕਰੋ (ਗਰੁਮਤਿ ਮੰਤ੍ਰ ਉਚਾਰ)। ਸਤਿਗੁਰਾਂ ਦੇ ਬਚਨ ਨੂੰ ਮੰਨਦਿਆਂ ਭਾਈ ਲਹਿਣਾ ਨੇ ਗੁਰਮੁਖੀ ਅੱਖਰਾਂ ਵਿਚ ਪੋਥੀ ਸਾਹਿਬ (ਆਦਿ ਗ੍ਰੰਥ) ਦੀ ਰਚਨਾ ਕੀਤੀ।

ਸਾਖੀ ਨੰਬਰ-56 ਵਿਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਦੀ ਪੋਥੀ (ਗੁਰਗੱਦੀ ਸਮੇਂ) ਗੁਰੂ ਅੰਗਦ ਸਾਹਿਬ ਨੂੰ ਦਿੱਤੀ:

'ਤਿਤਿ ਮਹਲਿ ਜੋ ਸਬਦੁ ਹੋਆ ਸੋ ਪੋਥੀ ਗੁਰੂ ਅੰਗਦ ਜੋਗ ਮਿਲੀ'।

ਗੁਰੂ ਨਾਨਕ ਸਾਹਿਬ ਦੀ ਕਾਇਮ ਕੀਤੀ ਇਹ ਪ੍ਰੰਪਰਾ ਅਗਲੇ ਗੁਰੂ ਸਾਹਿਬਾਨ ਨੇ ਬਾਕਾਇਦਾ ਨਿਭਾਈ ਅਤੇ ਇਸ ਤਰ੍ਹਾਂ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਦੀਆਂ ਪੋਥੀਆਂ ਗੁਰੂ ਅਰਜਨ ਸਾਹਿਬ ਪਾਸ ਪੁੱਜੀਆਂ ਤਾਂ ਉਨ੍ਹਾਂ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਸ਼ੁਕਰਾਨੇ ਵੱਜੋਂ ਇਹ ਸ਼ਬਦ ਉਚਾਰਿਆ:

ਗਉੜੀ ਗੁਆਰੇਰੀ ਮਹਲਾ 5॥

ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥ ਰਹਾਉ ॥ ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥

ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥(186)॥

ਗੁਰਬਾਣੀ ਵਿਚ ਸਪੱਸ਼ਟ ਹੈ ਕਿ ਪੂਰਬਲੇ ਗੁਰੂ ਸਾਹਿਬਾਨ ਦੀ ਉਚਾਰੀ ਬਾਣੀ ਉਤਰਾਧਿਕਾਰੀ ਗੁਰੂਆਂ ਪਾਸ ਮੌਜੂਦ ਸੀ। ਇਸ ਦੇ ਕਈ ਪ੍ਰਮਾਣ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਆਪਣੀਆਂ ਪੁਸਤਕਾਂ "ਗੁਰਬਾਣੀ ਤੇ ਇਤਿਹਾਸ ਬਾਰੇ" ਅਤੇ "ਆਦਿ ਬੀੜ ਬਾਰੇ" ਵਿਚ ਦਿੱਤੇ ਹਨ।

ਗਰਗੱਦੀ ਪ੍ਰਾਪਤ ਕਰਕੇ ਗੁਰੂ ਅਰਜਨ ਸਾਹਿਬ ਨੇ ਦਰਬਾਰ ਸਾਹਿਬ ਦੀ ਉਸਾਰੀ ਨੂੰ ਸਿਰੇ ਚੜ੍ਹਾਇਆ। ਫ਼ਿਰ ਉਨ੍ਹਾ ਬਾਣੀ ਦਾ ਸੰਪਾਦਨ ਆਰੰਭ ਕੀਤਾ। ਉਹ ਆਪ ਵੀ ਗੁਰਬਾਣੀ ਦੀ ਰਚਨਾ ਕਰਦੇ ਸਨ। ਭਾਈ ਗੁਰਦਾਸ ਜੀ ਦੇ ਅਨੁਸਾਰ :

ਪਿਉ ਦਾਦਾ ਪੜਦਾਦਿਉ ਕੁਲ ਦੀਪਕ ਅਜਰਾਵਰ ਨਤਾ। ਤਖਤ ਬਖਤ ਲੈ ਮੱਲਿਆ ਸ਼ਬਦ ਸੁਰਤਿ ਵਾਪਾਰਿ ਸਪੱਤਾ। ਗੁਰਬਾਣੀ ਭੰਡਾਰ ਭਰਿ ਕੀਰਾਨ ਕਥਾ ਰਹੈ ਰੰਗਿ ਰਤਾ। (ਵਾਰ-24/19)

ਗੁਰਗੱਦੀ ਨਾ ਮਿਲਣ ਕਰਕੇ ਗੁਰੂ ਰਾਮਦਾਸ ਸਾਹਿਬ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਗੁਰੂ ਅਰਜਨ ਸਾਹਿਬ ਦਾ ਵਿਰੋਧੀ ਬਣ ਗਿਆ। ਉਸ ਨੇ ਨਾਲ ਆਪਣਾ ਪੁੱਤਰ ਮੇਹਰਬਾਨ ਤੇ ਹੋਰ ਸੰਗਤ ਨੂੰ ਜੋੜ ਲਿਆ ਤੇ ਵੱਖਰਾ ਦਰਬਾਰ ਬਣਾ ਕੇ ਆਪਣੀ ਬਾਣੀ ਦਾ ਗ੍ਰੰਥ ਤਿਆਰ ਕਰਨ ਲਗੇ। (ਬੰਸਾਵਲੀਨਾਮਾ)।

'ਮੀਣਿਆਂ ਭੀ ਇਕ ਗ੍ਰੰਥ ਬਣਾਇਆ। ਚਹੁ ਪਾਤਸ਼ਾਹੀਆਂ ਦੀ ਸ਼ਬਦ ਬਾਣੀ ਲਿਖ ਵਿਚ ਪਾਇਆ। ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ। ਮੀਣੇ ਪਾਂਦੇ ਨੀ ਰਲਾ ਸੇ ਵਿਚ ਰਲਾ ਨਾ ਧਰੀਏ। ਸੋ ਭਾਈ ਗੁਰਦਾਸ ਸਭ ਇਕੱਤਰ ਕਰ ਲਏ। ਪਰੰਤੂ ਆਦਿ ਬੀੜ ਦੀ ਰਚਨਾ ਦਾ ਮੂਲ ਕਾਰਣ ਇਹ ਨਹੀਂ ਹੋ ਸਕਦਾ'।

ਗੁਰਬਾਣੀ ਦੀ ਰਚਨਾ ਕਰ ਕੇ ਇਸ ਨੂੰ ਸੰਭਾਲ ਕੇ ਪੋਥੀਆਂ ਅੱਗੇ ਗੁਰੂਆਂ ਨੂੰ ਸੌਂਪਣਾਂ ਇਸ ਗਲ ਦਾ ਪ੍ਰਮਾਣ ਹੈ ਕਿ ਨਵੇਂ ਉਸਰ ਰਹੇ ਸਿੱਖ ਧਰਮ ਲਈ ਗ੍ਰੰਥ ਤਿਆਰ ਕਰਨਾ ਜ਼ਰੂਰੀ ਸੀ। ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਦੇ ਸੰਪਾਦਨ ਲਈ ਇਕ ਸ਼ਾਤ ਵਾਤਾਵਰਣ ਵਾਲਾ ਸਥਾਨ ਸ੍ਰੀ ਰਾਮਸਰ ਚੁਣਿਆ। ਭਾਈ ਗੁਰਦਾਸ ਜੀ ਨੂੰ ਮੁੱਖ ਲਿਖਾਰੀ ਬਣਾਇਆ ਤੇ ਨਾਲ ਕੁਝ ਸਹਾਇਕ ਲਿਖਾਰੀ (ਸੰਤ ਦਾਸ ਤੇ ਹਰੀਆ, ਸੁਖਾ, ਮਨਸਾ ਰਾਮ) ਲਾਏ। ਗੁਰੂ ਸਾਹਿਬ ਨੇ ਭਾਈ ਗੁਰਦਾਸ ਨੂੰ ਸਾਰੀ ਇਕੱਤਰ ਗੁਰਬਾਣੀ ਗੁਰੂ ਵਿਅੱਕਤੀ ਅਨੁਸਾਰ ਨਿਖੇੜ ਕੇ ਲਿਖਣ ਨੂੰ ਕਿਹਾ। (ਬੰਸਾਵਲੀਨਾਮਾ)।

ਅੱਠ ਅੱਠ ਪਤਰਿਆਂ ਦੀ ਸੰਚੀਆਂ ਬਣਾਈਆਂ ਗਈਆਂ।

'ਕਾਗਦ ਕੇ ਸੁਧਾਰ ਕਰਿ ਪਤਰੇ। ਰਚਿਰ ਪ੍ਰਮਾਨ ਕੀਨਿ ਤਬਿ ਕਤਰੇ। ਪਾਇ ਨੀਰ ਸਯਾਹੀ ਕਰਿ ਤਯਾਰੀ। ਗੁਰੂ ਸਿਮਰ ਲੇਖਣ ਕਰ ਦਾਰੀ'।

ਭਾਸ਼ਾ ਤੇ ਲਿਪੀ ਬਾਰੇ ਸਤਿਗੁਰਾਂ ਕਿਹਾ: 'ਲਿਖਹੁ ਗੁਰਮੁਖੀ ਅੱਖਰ ਯਾਤੇ॥ ਸਗਲ ਜਗਤ ਮਹਿ ਹੋਇ ਬਖਯਾਤੇ॥ ਸ਼ਰਧਾਵੰਤੇ ਪਠਹਿ ਸੁਖੈਨ ॥ ਜਾਨਹਿ ਹਰਿ ਸਿਮਰਨ ਗਤਿ ਦੈਨ'। (ਬੰਸਾਵਲੀਨਾਮਾ)।

ਆਸਾ ਦੀ ਵਾਰ ਦੇ ਬਾਅਦ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਹੁਕਮਨਾਮੇ ਲਈ ਕਿਹਾ:

'ਹਰਿਮੰਦਰ ਮਹਿ ਨੂੰ ਜਾਇ ਪਹੁੰਚੇ ਰਾਗੀ ਰਾਗ ਕਰਤ ਸੁਰ ਊਚੇ ਮੰਜੀ ਸਹਿਤ ਗ੍ਰਿੰਥ ਤਹਿ ਤਾਪਿ ਬੈਠੇ ਨਿਕਟ ਗੁਰੂ ਤਬ ਆਪਿ। ਵਾਰ ਭੋਗ ਕੋ ਸੁਨਿ ਮਨ ਲਾਈ, ਸ੍ਰੀ ਅਰਜਨ ਪੁਨ ਗਿਰਾ ਅਲਾਈ। ਬੁਢਾ ਸਾਹਿਬ ਖੋਲਹੁ ਗ੍ਰਿੰਥ ਲੇਹੁ ਆਵਾਜ਼ਾ ਸੁਨਹਿ ਸਭ ਪੰਥ'। ਹੁਕਮਨਾਮਾਂ ਆਇਆ:

"ਸੂਹੀ ਮਹਲਾ 5॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮ ਕਰਾਵਣਿ ਆਇਆ ਰਾਮ"॥(783)।

ਪੋਥੀ ਸਾਹਿਬ ਦੀ ਸੰਪੂਰਨਤਾ 31 ਅਗੱਸਤ ਨੂੰ ਹੋਈ ਅਤੇ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ, ਅਮ੍ਰਿਤਸਰ, ਵਿਖੇ 1 ਸਤੰਬਰ 1604 ਨੂੰ ਕੀਤਾ ਗਿਆ।

## ਅਮਲ ਕਰਨ ਤੋਂ ਬਿਨਾਂ ਗੁਰਬਾਣੀ ਨੂੰ ਰਸਮ ਜਾਂ ਪੂਜਾ ਵਾਂਗ ਮੰਨਣਾ ਬੇਅਰਥ ਹੈ: ਭਾਗ-1

ਡਾ. ਸਰਦਾਰ ਕਾਬਲ ਸਿੰਘ, ਡਾ. ਸਰਦਾਰ ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

ਸਿੱਖ ਪਰਿਵਾਰ ਰਵਾਇਤੀ ਤੌਰ ਤੇ ਘਰਾਂ ਜਾਂ ਗੁਰਦੁਆਰਿਆਂ ਵਿੱਚ ਗੁਰਬਾਣੀ ਜਾਂ ਗੁਰੂ ਗ੍ਰੰਥ ਸਾਹਿਬ ਨੂੰ 'ਮੰਨਣ' ਵਾਲੀਆਂ ਅਨੇਕਾਂ ਰਸਮਾਂ ਕਰਦੇ ਹਨ। ਨਾਲ ਹੀ ਮੁਸੀਬਤਾਂ ਤੋਂ ਛੁਟਕਾਰਾ ਪਾਉਣ ਲਈ ਜਾਂ ਆਪਣੀਆਂ ਲੋੜਾਂ ਪੂਰੀਆਂ ਕਰਵਾਉਣ ਲਈ ਗੁਰਬਾਣੀ ਦੀ ਸਿੱਖਿਆ ਦੇ ਉਲਟ ਸੁੱਖਣਾਂ ਸੁੱਖਦੇ ਹਨ, ਜੋਤਸ਼ੀਆਂ ਕੋਲੋਂ ਪੁੱਛਾਂ ਪੁੱਛਦੇ ਹਨ, ਦਿਨ-ਵਾਰ ਬਾਰੇ ਵਹਿਮ-ਭਰਮ ਕਰਦੇ ਹਨ, ਕਿਸੇ ਖਾਸ ਵਿਅਕਤੀ (ਅਖੌਤੀ ਬਾਬੇ, ਸੰਤ, 'ਮਹਾਂਪੁਰਖ') ਨੂੰ ਗੁਰੂ ਜਾਂ ਰੱਬ ਵਾਂਗ ਮੰਨਦੇ ਹਨ, ਅਤੇ ਕਈ ਹੋਰ ਤਰ੍ਹਾਂ ਦੇ ਮਨਮਤੀ ਕਰਮ-ਕਾਂਡ ਕਰਦੇ ਹਨ। ਇਸ ਲੇਖ ਰਾਹੀਂ ਵਿਚਾਰ ਕਰਨ ਦੀ ਨਿਮਾਣੀ ਕੋਸ਼ਿਸ਼ ਹੈ ਕਿ ਸਿੱਖ ਲਈ ਗੁਰਬਾਣੀ ਨੂੰ ਰਸਮ ਜਾਂ ਪੂਜਾ ਵਾਂਗ ਮੰਨਣਾ ਠੀਕ ਨਹੀਂ, ਸਗੋਂ ਇਸ ਦੀ ਸਿੱਖਿਆ ਉਤੇ ਅਮਲ ਕਰਨਾ ਅਤਿਅੰਤ ਜ਼ਰੂਰੀ ਹੈ।

ਗੁਰਬਾਣੀ ਨੂੰ ਵਿਖਾਵੇ ਜਾਂ ਪੂਜਾ ਵਾਂਗ ਮੰਨਣ ਦੀਆਂ ਕੁਝ ਉਦਾਹਰਣਾਂ:

- ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਰਗੜਣਾ, ਪ੍ਰਕਰਮਾ ਕਰਨੀ, ਡੰਡੌਤ ਕਰਨੀ, ਧਨ ਵਸਤੂ ਪੇਸ਼ ਕਰਨੀ, ਗੁਰਬਾਣੀ ਦਾ ਪਾਠ ਤੇ ਕੀਰਤਨ ਕਥਾ ਦੀ ਰਸਮ ਹੀ ਕਰਣਾ, ਜੋੜੇ ਝਾੜਣੇ, ਲੰਗਰ ਅਤੇ ਹੋਰ ਸੇਵਾ ਵਿਚ ਹਿੱਸਾ ਲੈਣਾ।
- ਜਨਮ, ਵਿਆਹ, ਮਰਗ, ਗ੍ਰਹਿ-ਪ੍ਰਵੇਸ਼, ਆਦਿ ਮੌਕਿਆਂ ਤੇ ਸਹਿਜ ਪਾਠ, ਅਖੰਡ ਪਾਠ, ਸੁਖਮਨੀ ਸਾਹਿਬ ਆਦਿ ਦਾ ਪਾਠ ਤੇ ਕੀਰਤਨ ਕਰਾਉਣਾ।
- ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲੀ ਥਾਂ ਨੂੰ ਦੁੱਧ ਨਾਲ ਧੋਣਾ।
- ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਜਾਂ ਸੰਗਤ 'ਤੇ ਫੁੱਲ ਵਰਸਾਉਣੇ ਅਤੇ ਖੁਸ਼ਬੂਦਾਰ ਤਰਲਾਂ ਦਾ ਛਿੜਕਾ ਕਰਨਾ।
- ਜ਼ਿਆਦਾ ਸ਼ਰਧਾ ਵਿਖਾਉਣ ਲਈ ਕਿਸੇ ਵੱਡੇ ਜਾਂ ਇਤਿਹਾਸਕ ਗੁਰਦੁਆਰਾ ਸਾਹਿਬ (ਜਿਵੇਂ ਦਰਬਾਰ ਸਾਹਿਬ, ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਹਜ਼ੂਰ ਸਾਹਿਬ) ਵਿਖੇ ਪੈਸੇ ਭੇਜ ਕੇ ਪਾਠ ਕਰਵਾਉਣਾ।
- ਸੁੱਖਣਾ ਸੁੱਖਣੀ, ਅਤੇ ਪੂਰੀ ਹੋਣ ਤੇ ਨਿਰਧਾਰਤ 'ਤੀਰਥ ਅਸਥਾਨ' ਦੀ ਯਾਤਰਾ ਕਰਨੀ, ਸਰੋਵਰਾਂ 'ਚ ਇਸ਼ਨਾਨ ਕਰਨਾ, ਪਾਠ ਕਰਾਉਣਾ, ਭੇਟਾ ਦੇਣੀ, ਰੁਮਾਲਾ ਚੜ੍ਹਾਉਣਾ, ਅਰਦਾਸ ਕਰਵਾਉਣੀ, ਦਾਨਪੁੰਨ ਕਰਨਾ, ਆਦਿ।
- ਗੁਰੂ ਗ੍ਰੰਥ ਸਾਹਿਬ ਜੀ ਦੀ ਸੁਖਾਸਣ ਵਾਲੀ ਥਾਂ ਤੇ ਪੱਖੇ, ਏ ਸੀ, ਆਦਿ ਵਰਤਣੇ।
- ਪਾਲਕੀ ਅਤੇ ਨਿਸ਼ਾਨ ਸਾਹਿਬ ਦੀ ਮੁੱਠੀ ਚਾਪੀ ਕਰਨੀ ਜਾਂ ਮੱਥਾ ਰਗੜਨਾ।
- ਪਾਲਕੀ ਜਾਂ ਪਾਲਕੀ ਵਾਲੇ ਵਾਹਨ ਅੱਗੇ, ਕੱਚੀ ਅਤੇ ਪੱਕੀ ਥਾਂ, ਜਾਂ ਚਟਾਈ ਉਪਰ ਪਾਣੀ ਛਿੜਕਣਾ।
- ਨਗਰ ਕੀਰਤਨ ਵੇਲੇ ਬੈਂਡ ਵਾਜੇ, ਹਾਥੀ, ਘੋੜੇ, ਰਥ ਆਦਿ ਵਰਤਣੇ, ਬੇਲੋੜੀਆਂ ਸਜਾਵਟਾਂ ਕਰਨੀਆਂ, ਅਤੇ ਖਾਣ ਪੀਣ ਦੀਆਂ ਚੀਜ਼ਾਂ ਦੀ ਬਹੁਤਾਤ ਹੋਣੀ।
- ਸੜਕਾਂ ਕੰਢੇ ਸਟਾਲ ਲਾ ਕੇ ਲੋਕਾਂ ਨੂੰ ਰੋਕ ਰੋਕ ਕੇ ਲੰਗਰ ਖਾਣ ਲਈ ਮਜਬੂਰ ਕਰਨਾ।

- ਪਾਠ ਵੇਲੇ ਨਾਰੀਅਲ, ਕੁੰਭ, ਆਦਿ ਰਖਣਾ।
- ਬਿਨਾਂ ਲੋੜ (ਯਾਨਿ ਸੂਰਜ ਜਾਂ ਬਿਜਲੀ ਦਾ ਚਾਨਣ ਹੁੰਦਿਆਂ) ਜੋਤ ਜਾਂ ਧੂਪ ਜਗਾਉਣੇ।

- ਸਰੋਵਰ ਦੇ ਪਾਣੀ ਦੀ ਚੂਲੀ ਭਰਨੀ ਜਾਂ ਉਸ ਨੂੰ ਸਿਰ-ਮੂੰਹ ਤੇ ਛਿੜਕਣਾ।
- ਕਈ ਗੁਰਦੁਆਰਿਆਂ 'ਚ ਸਥਿਤ 'ਪਵਿੱਤਰ' ਜਾਂ 'ਚਮਤਕਾਰੀ' ਕਹੇ ਜਾਂਦੇ ਰੁੱਖਾਂ ਨੂੰ ਮੱਥਾ ਟੇਕਣਾ ਤੇ ਧਾਗੇ ਤਵੀਤ ਬੰਨਣਾ।

ਕੀ ਗੁਰੂ-ਕ੍ਰਿਪਾ ਲਈ ਗੁਰਬਾਣੀ ਨੂੰ ਰਸਮ ਵਾਂਗ ਮੰਨਣਾ ਉਚਿਤ ਹੈ? ਕੁਝ ਉਦਾਹਰਣਾਂ ਲਈਏ:

- ਕੀ ਸਿਰਫ ਘਰ ਵਿਚ ਰੱਖਣ, ਵੇਖਣ, ਜਾਂ ਕਿਸੇ ਹੋਰ ਦੇ ਵਰਤਣ ਨਾਲ ਮੈਨੂੰ ਖੁਰਾਕ, ਪਾਣੀ, ਜਾਂ ਦਵਾਈ ਦਾ ਫਾਇਦਾ ਹੋਵੇਗਾ?
- ਕੀ ਮਾਪੇ ਬੱਚਿਆਂ ਨੂੰ ਸਕੂਲ ਜਾਣ ਵੇਲੇ ਕਹਿੰਣ ਕਿ ਕੁਝ ਸਿੱਖਣਾ ਨਹੀਂ, ਸਗੋਂ ਜਦੋਂ ਅਧਿਆਪਕ ਪੜ੍ਹਾਵੇ ਤਾਂ ਆਪ ਖਾਣ ਪੀਣ ਜਾਂ ਗੱਲਾਂ ਕਰਨ ਵਿਚ ਰੁਝੇ ਰਹਿਣਾ?
- ਕੀ ਪੜ੍ਹਾਏ ਹੋਏ ਸਬਕ ਨੂੰ ਬਿਨਾਂ ਸਮਝੇ ਵਿਦਿਆਰਥੀ ਪ੍ਰੀਖਿਆ ਵਿਚ ਚੰਗੇ ਨੰਬਰ ਲੈ ਸਕਦੇ ਹਨ?
- ਕੀ ਕਿਤਾਬਾਂ ਘਰ ਵਿਚ ਰੱਖ ਕੇ ਰੋਜ਼ ਮੱਥਾ ਟੇਕਣ ਨਾਲ (ਸਿੱਖਣ ਤੋਂ ਬਿਨਾਂ) ਕੋਈ ਇਮਤਿਹਾਨ ਵਿਚ ਚੰਗੇ ਨੰਬਰ ਲੈ ਸਕਦਾ ਹੈ?
- ਕਿਸੇ ਨੂੰ ਸਨਮਾਨ ਨਾਲ ਬਿਠਾ ਕੇ ਮੱਥਾ ਟੇਕੀਏ ਅਤੇ ਫਿਰ ਉਸਦੀ ਗੱਲ ਵਲ ਧਿਆਨ ਨਾ ਦੇਈਏ, ਜਾਂ ਕਹੀਏ ਕਿ ਤੁਸੀਂ ਬੋਲੀ ਜਾਓ ਪਰ ਅਸੀਂ ਤੁਹਾਡੀ ਗਲ ਸੁਣਨੀ ਜਾਂ ਸਮਝਣੀ ਨਹੀਂ, ਤਾਂ ਕੀ ਉਹ ਖੁਸ਼ ਹੋਊ ਜਾਂ ਆਪਣੀ ਨਿਰਾਦਰੀ ਸਮਝੂ?
- ਤੁਸੀਂ ਗੱਲ ਕਰੋ ਤੇ ਕੋਈ ਧਿਆਨ ਨਾਂ ਦੇਵੇ, ਤਾਂ ਕੀ ਤੁਸੀਂ ਖਿਝੋਗੇ ਜਾਂ ਖੁਸ਼ ਹੋਵੋਗੇ?
- ਜੇਕਰ ਕੋਈ ਸੁਣਨ ਵਾਲਾ ਨਾਂ ਹੋਵੇ ਤਾਂ ਤੁਸੀਂ ਬੋਲ ਕੇ ਕੁਝ ਕਹਿਣਾ ਚਾਹੋਗੇ?
- ਕੀ ਕੋਈ ਕਲਾਕਾਰ ਸਰੋਤਿਆਂ ਤੋਂ ਬਿਨਾਂ ਕਲਾ ਵਿਖਾਉਂਦਾ ਹੈ, ਜਾਂ ਅਧਿਆਪਕ ਵਿਦਿਆਰਥੀਆਂ ਤੋਂ ਬਿਨਾਂ ਪੜ੍ਹਾਉਂਦਾ ਹੈ?

ਇਨ੍ਹਾਂ ਵਿਚਾਰਾਂ ਨੂੰ ਧਿਆਨ ਵਿਚ ਰੱਖ ਕੇ ਸੋਚੋ:

- ਜੇ ਗੁਰਬਾਣੀ ਦੇ ਪਾਠ, ਕੀਰਤਨ ਜਾਂ ਵਿਆਖਿਆ ਵੇਲੇ ਅਸੀਂ ਧਿਆਨ ਨਾਲ ਨਾ ਸੁਣਦੇ ਹੋਈਏ, ਜਾਂ ਇਕ ਕੰਨੋਂ ਸੁਣਕੇ ਦੂਜੇ ਕੰਨੋਂ ਕੱਢ ਦੇਈਏ ਅਤੇ ਗੁਰਬਾਣੀ ਉਪਦੇਸ਼ ਨੂੰ ਸਮਝਣ ਤੇ ਉਸ ਉਤੇ ਅਮਲ ਕਰਨ ਦਾ ਯਤਨ ਨਾ ਕਰੀਏ, ਤਾਂ ਕੀ ਅਸੀਂ ਗੁਰੂ-ਕ੍ਰਿਪਾ ਦੇ ਪਾਤਰ ਬਣ ਸਕਾਂਗੇ? ਇਸ ਤਰ੍ਹਾਂ ਕਰਨਾ ਕੀ ਗੁਰਬਾਣੀ ਦਾ ਨਿਰਾਦਰ ਨਹੀਂ?
- ਕਿਸੇ ਦੀ ਗੱਲ ਨਾ ਮੰਨਣੀ ਕੀ ਸਭ ਤੋਂ ਵੱਡਾ ਨਿਰਾਦਰ ਨਹੀਂ?
- ਜੇਕਰ ਅਸੀਂ ਧਰਮੀ ਦਿਸਣ ਲਈ ਦਿਖਾਵੇ ਵਾਲੀਆਂ ਰਸਮਾਂ ਤਾਂ ਕਰੀਏ, ਪਰ ਗੁਰੂ ਦਾ ਉਪਦੇਸ਼ ਨਾਂ ਮੰਨੀਏਂ, ਤਾਂ ਕੀ ਇਹ ਧਰਮ ਨਾ ਹੋ ਕੇ ਨਿਰੋਲ ਦਿਖਾਵਾ, ਪਖੰਡ ਅਤੇ ਦੁਨੀਆਵੀ ਲੋੜਾਂ ਪੂਰੀਆਂ ਕਰਨ ਲਈ ਗੁਰੂ ਅਤੇ ਪ੍ਰਮਾਤਮਾ ਨਾਲ ਧੋਖਾ ਅਤੇ ਸੌਦੇਬਾਜ਼ੀ ਨਹੀਂ ਤਾਂ ਹੋਰ ਕੀ ਹੈ? ਕੀ ਇਹ ਨਿਰੋਲ ਕਰਮਕਾਂਡ ਨਹੀਂ? ਕੀ ਇਸ ਨਾਲ ਅਸੀਂ ਪ੍ਰਭੂ-ਮਿਹਰ ਦੇ ਪਾਤਰ ਬਣ ਸਕਦੇ ਹਾਂ?
- ਕੀ ਅਸੀਂ ਉਹ 'ਭੇਖੀ ਸਿੱਖ' ਨਹੀਂ ਜੋ ਦਾਅਵਾ ਤਾਂ ਕਰਦੇ ਹਾਂ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ, ਪਰ ਕੰਮ ਗੁਰਬਾਣੀ ਦੀ ਸਿੱਖਿਆ ਦੇ ਉਲਟ ਕਰਦੇ ਹਾਂ?

ਗੁਰਬਾਣੀ ਨੂੰ ਰਸਮ ਜਾਂ ਪੂਜਾ ਵਾਂਗ ਮੰਨਣ, ਜਾਂ ਲੋੜਾਂ ਪੂਰੀਆਂ ਕਰਨ ਲਈ ਵਰਤਣ ਦੇ ਨਤੀਜੇ:

- ਕਿਉਂਕਿ ਅਸੀਂ ਸਿਰਫ ਵਿਅਕਤੀਗਤ ਲੋੜਾਂ ਪੂਰੀਆਂ ਕਰਨ ਲਈ ਹੀ ਗੁਰਬਾਣੀ ਨੂੰ 'ਮੰਨਦੇ' ਹਾਂ, ਤਾਂ ਸੋਚੀਆਂ ਲੋੜਾਂ ਪੂਰੀਆਂ ਨਾ ਹੋਣ ਤੇ ਗੁਰੂ ਸਿੱਖਿਆ ਤੋਂ ਸਾਡਾ ਵਿਸ਼ਵਾਸ ਡੋਲ ਜਾਂਦਾ ਹੈ। ਇਸ ਨੂੰ ਹੀ "ਦਵੈਤ ਭਾਵ" ਕਹਿੰਦੇ ਹਨ।
- ਕੋਈ ਕੰਮ ਸ਼ੁਰੂ ਕਰਨ ਵੇਲੇ ਜਾਂ ਦੁੱਖ ਦੀ ਨਵਿਰਤੀ ਲਈ ਗੁਰਬਾਣੀ ਤੋਂ ਸੇਧ ਲੈਣ ਦੀ ਥਾਂ ਜੋਤਸ਼ੀ, ਤਾਂਤਰਿਕ, ਪੰਡਤ, ਬਾਬੇ, ਸਾਧ, ਫਕੀਰ ਆਦਿ ਕੋਲ ਚਲੇ ਜਾਂਦੇ ਹਾਂ।

- ਕਿਉਂਕਿ ਗੁਰੂ ਸਿਧਾਂਤ ਉਤੇ ਸਾਡੀਆਂ ਨਿਜੀ ਲੋੜਾਂ ਭਾਰੂ ਹਨ, ਗੁਰਬਾਣੀ-ਭਾਵ ਸਮਝਣ ਦੀ ਅਸੀਂ ਕਦੇ ਕੋਸ਼ਿਸ਼ ਹੀ ਨਹੀਂ ਕੀਤੀ। ਇਸ ਲਈ ਸ਼ਬਦ-ਗੁਰੂ ਨਾਲੋਂ ਸਾਨੂੰ ਦੇਹ-ਗੁਰੂ ਜ਼ਿਆਦਾ ਖਿੱਚਦਾ ਹੈ।
- 'ਪੂਰਾ ਗੁਰੂ' ਅਸਲੀਅਤ ਵਿਖਾਉਂਦਾ ਹੈ ਜੋ ਕਈ ਵਾਰ ਕੌੜੀ ਹੁੰਦੀ ਹੈ। ਪਰ 'ਅਧੂਰਾ ਗੁਰੂ', ਜਿਸ ਦੇ ਪੱਲੇ ਕੁਝ ਵੀ ਨਹੀਂ ਹੁੰਦਾ, ਸਬਜ਼-ਬਾਗ ਵਿਖਾ ਕੇ ਭੋਲੇ ਭਾਲੇ ਲੋਕਾਂ ਨੂੰ ਭਰਮਾਉਂਦਾ ਹੈ।
- ਗੁਰਬਾਣੀ-ਗਿਆਨ ਤੋਂ ਹੀਣੇ ਹੋਣ ਕਰਕੇ ਅਸੀਂ ਇਨ੍ਹਾਂ ਲੁਟੇਰੇ ਪਖੰਡੀਆਂ ਮਗਰ ਲੱਗ ਕੇ ਆਪਣਾ ਲੋਕ-ਪ੍ਰਲੋਕ ਗਵਾ ਬੈਠਦੇ ਹਾਂ।

ਸੱਚੇ ਧਰਮ ਦੀ ਸਿੱਖਿਆ ਨਾ ਦੇਣ ਵਾਲੇ ਪਖੰਡੀਆਂ ਬਾਰੇ ਕੁਝ ਵਿਚਾਰ:

ਪਹਿਲਾਂ ਪਹਿਲਾਂ ਰਾਜਿਆਂ ਜਾਂ ਹੁਕਮਰਾਨਾਂ ਨੂੰ ਰੱਬ ਦਾ ਦੂਤ ਜਾਂ ਕਈ ਵਾਰ ਰੱਬ ਵੀ ਮੰਨਿਆਂ ਜਾਂਦਾ ਸੀ, ਬਲਕਿ ਲੋਕਾਂ ਨੂੰ ਅਜੇਹਾ ਕਰਨ ਲਈ ਮਜਬੂਰ ਵੀ ਕੀਤਾ ਜਾਂਦਾ ਸੀ।

ਫਿਰ ਧਾਰਮਿਕ ਆਗੂਆਂ ਨੇ ਰਾਜਿਆਂ ਦੀ ਜਗ੍ਹਾ ਲੈ ਲਈ। ਇਨ੍ਹਾਂ ਵਲੋਂ ਕਹੀਆਂ ਗੱਲਾਂ ਨੂੰ ਰੱਬ ਦਾ ਹੁਕਮ ਸਮਝ ਕੇ ਮੰਨਿਆ ਜਾਣ ਲਗ ਪਿਆ। ਪਰ ਹੌਲੀ ਹੌਲੀ ਪੁਜਾਰੀਵਾਦ ਵਿੱਚ ਨਿਘਾਰ ਆ ਗਿਆ, ਅਤੇ ਇਹ ਲੋਕ ਆਪਣੇ ਸੁਆਰਥ-ਹਿੱਤ ਸੱਚੇ ਧਰਮ ਦੀ ਸਿੱਖਿਆ ਦੇਣਾ ਛੱਡ ਕੇ ਸਿਰਫ ਕਰਮ-ਕਾਂਡੀ ਧਰਮੀ ਰਸਮਾਂ ਬਾਰੇ ਦੱਸ ਕੇ ਆਮ ਲੋਕਾਂ ਕੋਲੋਂ ਪੂਜਾ ਦਾ ਧਨ ਤੇ ਹੋਰ ਚੀਜ਼ਾਂ ਵਸਤਾਂ ਲੈਣ ਵਾਲੇ ਹੀ ਬਣ ਕੇ ਰਹਿ ਗਏ। ਸਿੱਖ ਗੁਰੂਆਂ ਤੇ ਭਗਤਾਂ ਨੇ ਇਨ੍ਹਾਂ ਪਖੰਡੀ ਪੁਜਾਰੀਆਂ, ਕਾਜ਼ੀਆਂ, ਅਖਾਉਤੀ ਧਰਮਾਤਮਾਂ (ਸੰਤ, ਜੋਗੀ, ਬਾਬੇ, ਦੇਹਧਾਰੀ ਗੁਰੂ, ਪੁੱਛਾਂ ਦੇਣ ਵਾਲੇ, ਆਦਿ) ਬਾਰੇ ਲੋਕਾਂ ਨੂੰ ਸੁਚੇਤ ਕੀਤਾ। ਇਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚੋਂ ਵੰਨਗੀ ਮਾਤਰ ਕੁਝ ਤੁਕਾਂ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (ਪੰਨਾ 662)

ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ॥ ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ॥ ਗੁਰਮਤਿ ਹੋਇ ਤ ਹੁਕਮੁ ਪਛਾਣੈ॥ ਝੂਠੁ ਨ ਬੋਲਿ ਪਾਡੇ ਸਚੁ ਕਹੀਐ॥ ਹਉਮੈ ਜਾਇ ਸਬਦਿ ਘਰੁ ਲਹੀਐ॥ (ਪੰਨਾ 904)

ਮਾਥੇ ਤਿਲਕੁ ਹਥਿ ਮਾਲਾ ਬਾਨਾਂ॥ ਲੋਗਨ ਰਾਮ ਖਿਲਉਨਾ ਜਾਨਾਂ॥ (ਪੰਨਾ 1158)

(ਗੁਰਬਾਣੀ-ਸਿੱਖਿਆ ਮੰਨਣ ਬਾਰੇ ਭਾਗ-2
ਅਗਲੇ ਅੰਕ ਵਿੱਚ ਲੇਖ ਪੜ੍ਹੋ ਜੀ)

## ਭਲੇ ਅਮਰਦਾਸ ਗੁਣ ਤੇਰੇ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਵੇਲਾ ਅੰਮ੍ਰਿਤ ਤੇ ਰਾਤ ਦਾ ਪਹਿਰ ਚੌਥਾ,
ਜਾਗ ਖੁਲ੍ਹ ਗਈ ਕਈ ਸੰਸਾਰੀਆਂ ਦੀ।



ਐਸੀ ਪ੍ਰਭੂ ਪ੍ਰੇਮ ਨੇ ਖਿੱਚ ਪਾਈ,
ਪਹੁੰਚੀ ਮੰਦਰੀਂ ਪ੍ਰੀਤ ਦੀਦਾਰੀਆਂ ਦੀ।

ਦੂਜੇ ਪਾਤਸ਼ਾਹ ਜੀ ਦੀ ਪੁੱਤਰੀ ਨੇ,
ਚਾਟੀ ਵਿੱਚ ਮਧਾਣੀ ਨੂੰ ਪਾ ਦਿੱਤਾ।

ਜਪੁ ਕੇ ਪਉੜੀਆਂ ਜਪੁਜੀ ਸਾਹਿਬ ਦੀਆਂ,
ਸਹੁਰੇ ਘਰ ਨੂੰ ਸਵਰਗ ਬਣਾ ਦਿੱਤਾ।

ਸੁਣ ਸੁਣ ਬਾਣੀ ਅਮਰਦਾਸ ਜੀ ਦਾ,
ਹਿਰਦਾ ਕੰਵਲ ਵਾਂਗ ਖਿੜੀ ਜਾਂਵਦਾ ਏ।

ਬਾਬੇ ਨਾਨਕ ਦੀ ਬਾਣੀ ਦੀ ਖਿੱਚ ਐਸੀ,
ਜਿਉਂ ਪਾਣੀ ਨਿਵਾਣਾਂ ਵੱਲ ਜਾਂਵਦਾ ਏ।

ਹੱਥ ਜੋੜ ਖੜੋ, ਕਿਹਾ ਬੱਚੀਏ ਨੀ,
ਆਸਾਂ ਪੂਰੀਆਂ ਕਰ ਲਾਚਾਰ ਦੀਆਂ।

ਦੀਦੇ ਤਰਸ ਰਹੇ, ਦਰਸ ਕਰਾ ਸਾਨੂੰ,
ਤਾਂਘਾਂ ਜਾਗੀਆਂ ਗੁਰੂ ਦਰਬਾਰ ਦੀਆਂ।

ਹਰ ਸਾਲ ਮੈਂ ਗੰਗਾ ਇਸ਼ਨਾਨ ਕੀਤੇ,
ਕੀਤੀ ਆਰਤੀ ਬਹੁਤ ਪ੍ਰਮਾਤਮਾ ਦੀ।

ਸੰਤਾਂ ਸਾਧੂਆਂ ਦੀ ਚਰਨ ਧੂੜ ਪਰਸੀ,
ਕਿਤੋਂ ਹੋਈ ਤ੍ਰਿਪਤੀ ਨਾ ਆਤਮਾ ਦੀ।

ਜੀਹਦੇ ਦੀਦ ਲਈ ਫੇਰਦਾ ਰਿਹਾ ਮਾਲਾ,
ਲੱਭਾ ਓਸ ਦਾ ਖੋਜ ਨਾ ਖੁਰਾ ਮੈਨੂੰ।

ਜਿਹਨਾਂ ਲੋਕਾਂ ਦੀ ਸੇਵਾ ਮੈਂ ਰਿਹਾ ਕਰਦਾ,
ਉਹ ਹੀ ਆਖਦੇ ਅੱਜ ਨਿਗੁਰਾ ਮੈਨੂੰ।

ਬੀਬੀ ਅਮਰੋ ਦੇ ਨਾਲ ਖਡੂਰ ਸਾਹਿਬ,
ਦਰਸ਼ਨ ਗੁਰਾਂ ਦੇ ਕਰ ਨਿਹਾਲ ਹੋਇਆ।

ਠਾਠਾਂ ਮਾਰੀਆਂ ਦਿਲ ਦਰਿਆ ਨੇ ਸੀ,
ਬਿਰਧ ਸਰੀਰ 'ਚ ਐਸਾ ਕਮਾਲ ਹੋਇਆ।

ਗਾਗਰ ਪਾਣੀ ਦੀ ਢੋਹਦਿਆਂ ਗੁਰਾਂ ਦੇ ਲਈ,
ਅਮਰਦਾਸ ਤਾਂ ਗੁਰੂ ਦਾ ਰੂਪ ਹੋ ਗਏ।

ਭਜਨ ਬੰਦਗੀ, ਸੇਵਾ, ਸੰਤੋਖ ਦੇ ਨਾਲ,
ਉਹ ਤਾਂ ਪੂਰਨ ਹੀ ਸ਼ਬਦ ਸਰੂਪ ਹੋ ਗਏ।

ਸੇਵਾ ਸਿਦਕ ਇਮਤਿਹਾਨ ਜਾਂ ਪਾਸ ਕੀਤੇ,
ਤੁੱਠੇ ਪਾਤਸ਼ਾਹ, ਨਿਰਣਾ ਸੁਣਾ ਦਿੱਤਾ।

ਜਿਹਨੂੰ 'ਅਮਰੂ ਨਿਥਾਵਾਂ' ਸੀ ਲੋਕ ਕਹਿੰਦੇ,
ਪਾਤਸ਼ਾਹਾਂ ਦਾ ਪਾਤਸ਼ਾਹ ਬਣਾ ਦਿੱਤਾ।

ਪੱਕੀ ਕਰਨ ਲਈ ਸਿੱਖੀ ਬੁਨਿਆਦ ਤਾਈਂ,
ਊਚ ਨੀਚ ਦਾ ਫਰਕ ਮਿਟਾ ਦਿੱਤਾ।

ਅਕਬਰ ਬਾਦਸ਼ਾਹ ਵਰਗੇ ਰਾਜਿਆਂ ਨੂੰ,
ਉਹਨਾਂ ਪੰਗਤ ਦੇ ਵਿੱਚ ਬਿਠਾ ਦਿੱਤਾ।

ਤੁੱਠਾ ਬਾਦਸ਼ਾਹ ਦੇਖ ਕੇ ਪਾਤਸ਼ਾਹੀ,
ਬੀਬੀ ਭਾਨੀ ਨੂੰ ਪਟਾ ਫੜਾ ਦਿੱਤਾ।

ਜਿੱਥੇ ਬੈਠ ਕੇ ਚੌਥੇ ਸਤਿਗੁਰਾਂ ਨੇ,
ਅੰਮ੍ਰਿਤਸਰ ਦਾ ਨਗਰ ਵਸਾ ਦਿੱਤਾ।

ਬਾਈ ਮੰਜੀਆਂ ਥਾਪੀਆਂ ਪਾਤਸ਼ਾਹ ਨੇ,
ਕੋਨੇ ਕੋਨੇ 'ਚ ਸਿੱਖੀ ਪ੍ਰਚਾਰ ਕੀਤਾ।

ਬੀਬੀ ਭਾਨੀ ਜੀ ਲਈ ਸੰਭਾਲ ਸੇਵਾ,
ਸੰਗਤਾਂ ਵਾਸਤੇ ਲੰਗਰ ਤਿਆਰ ਕੀਤਾ।

ਸਤੀ ਰਸਮ ਜੋ ਸਦੀਆਂ ਤੋਂ ਰੀਤ ਬਣੀ,
ਹੈ ਸੀ ਬੰਦ ਕਰਵਾਈ ਪਾਤਸ਼ਾਹ ਨੇ।

ਘੁੰਡ ਪਰਦੇ ਤੋਂ ਵਰਜਿਆ ਬੀਬੀਆਂ ਨੂੰ,
ਵਿਧਵਾ-ਸ਼ਾਦੀ ਚਲਾਈ ਪਾਤਸ਼ਾਹ ਨੇ।

ਗੋਇੰਦਵਾਲ ਦੇ ਵਿੱਚ ਉਸਾਰ ਬਉਲੀ,
ਇਹਨੂੰ ਸਿੱਖੀ ਦਾ ਤੀਰਥ ਬਣਾ ਦਿੱਤਾ।

'ਕੱਠੇ ਕਰਨ ਲਈ ਸਿੱਖ ਸੰਗਤਾਂ ਨੂੰ,
ਉਹਨਾਂ ਮੇਲਾ ਦਿਵਾਲੀ ਮਨਾ ਦਿੱਤਾ।

ਦੋਹਾਂ ਗੁਰੂਆਂ ਦੀ ਬਾਣੀ ਸੰਭਾਲ ਪਹਿਲਾਂ,
ਆਪ ਰਾਗਾਂ ਸਤਾਰਾਂ 'ਚ ਰਚੀ ਬਾਣੀ।

ਕੀਤੇ ਕਾਰਜ ਮਹਾਨ ਨੇ ਜੋ ਸਤਿਗੁਰ,
ਗਿਣ ਸਕਦੀ ਨਹੀਂ ਇਹ 'ਦੀਸ਼' ਨਿਮਾਣੀ।

## ਸ੍ਰੀ ਹਰਿਕ੍ਰਿਸ਼ਨ ਧਿਆਈਐ

ਸਰਦਾਰ ਗੁਰਚਰਨ ਸਿੰਘ 'ਜੋਗੀ', ਅੰਬਾਲਾ ਸ਼ਹਿਰ (ਭਾਰਤ)



ਮਿਟ ਜਾਂਦਾ ਅਗਿਆਨ ਅੰਧੇਰਾ,
ਅੰਦਰ ਦੀਵੇ ਜਗ ਜਾਂਦੇ ਨੇ।
ਹੁੰਦੀ ਹੈ ਰਹਿਮਤ ਜਦ ਤੇਰੀ,
ਗੂੰਗੇ ਬੋਲਣ ਲੱਗ ਜਾਂਦੇ ਨੇ।
ਸਭ ਸੁਖ ਅਪਣੇ ਘਰ ਲੈ ਜਾਂਦਾ
ਸ਼ਰਧਾ ਨਾਲ ਜੋ ਆਏ,
ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ।

ਪੰਡਤ ਦਾ ਹੰਕਾਰ ਮਿਟਾਇਆ
ਛੱਜੂ ਨੂੰ ਵਿਦਵਾਨ ਬਣਾਇਆ ।
ਛੜੀ ਨੂੰ ਸਿਰ ਤੇ ਜਦੋਂ ਟਿਕਾਇਆ।
ਸਤਿਗੁਰ ਨੇ ਕੌਤਕ ਵਰਤਾਇਆ ।
ਬਾਲਾ ਪ੍ਰੀਤਮ ਹਰ ਇਕ 'ਤੇ
ਰਹਿਮਤ ਦਾ ਮੀਂਹ ਵਰਸਾਏ।
ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ।

ਗੂੰਜਦੀਆਂ ਨੇ ਜਗ ਦੇ ਅੰਦਰ
ਇਸ ਅਸਥਾਨ ਦੀਆਂ ਵਡਿਆਈਆਂ
ਇਸ ਦਰ ਤੋਂ ਜਿਸ ਨੇ ਜੋ ਮੰਗਿਆ
ਗੁਰੂ ਨੇ ਝੋਲ਼ੀ ਖ਼ੈਰਾਂ ਪਾਈਆਂ
ਜਿਸ ਨੇ ਜੋ ਮੰਗਿਆ ਸੋ ਮਿਲਿਆ
ਖਾਲੀ ਕੋਈ ਨਾ ਜਾਏ।
ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ।

ਲੋਕਾਈ ਦਾ ਸਾਰਾ ਦੁਖੜਾ,
ਅਪਣੇ ਤਨ ਦੇ ਉੱਤੇ ਹੰਢਾਇਆ।
ਦਿੱਲੀ ਦੇ ਹਰ ਬਸ਼ਰ ਨੂੰ ਦਾਤੇ,
ਚੇਚਕ ਰੋਗ ਤੋਂ ਮੁਕਤ ਕਰਾਇਆ।
ਗੁਰੂ ਨਾਨਕ ਦੀ ਜੋਤ ਇਹ ਅੱਠਵੀਂ
ਤੀਨੇ ਤਾਪ ਮਿਟਾਏ।
ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ।

ਇਸ ਦਰ ਦੀ ਧੂੜੀ ਨੂੰ ਜਿਹੜਾ
ਅਪਣੇ ਮਸਤਕ ਲਾ ਲੈਂਦਾ ਹੈ।
ਸੱਚ ਪੁੱਛੋ ਤਾਂ ਓਹੀ ਆਪਣਾ
ਜੀਵਨ ਸਫਲ ਬਣਾ ਲੈਂਦਾ ਹੈ।
ਖੇਮ ਕੁਸਲ ਅਨੰਦ ਉਹ ਮਾਣੇ
ਜੋ ਇਸ ਦਰ ਤੇ ਆਏ।
ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ।

# ਵਾਰ ਸ੍ਰੀ ਭਗੌਤੀ ਜੀ ਕੀ

## ਗਿਆਨੀ ਨਰੈਣ ਸਿੰਘ ਜੀ

ਚੰਡੀ ਦੀ ਵਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪੰਜਾਬੀ ਕਾਵ-ਰੂਪ ਵਿਚ ਰਚੀ ਪ੍ਰਸਿੱਧ ਬਾਣੀ ਹੈ। ਇਹ ਬਾਣੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਪੁਰਾਤਨ ਸਿੰਘ, ਖਾਸ ਕਰਕੇ ਨਿਹੰਗ ਸਿੰਘ. ਬੀਰ ਰਸ ਦਾ ਉਤਸ਼ਾਹ ਲੈਣ ਵਾਸਤੇ ਇਸ ਬਾਣੀ ਦਾ ਪਾਠ ਹਰ ਰੋਜ਼ ਕਰਦੇ ਹਨ। ਜੁੱਧਾਂ ਜੰਗਾਂ ਸਮੇਂ ਵਿਚ ਵੀ ਇਸ ਬਾਣੀ ਦਾ ਪਾਠ ਹਰ ਰੋਜ਼ ਕਰਦੇ ਸਨ।

ਇਹ ਬਾਣੀ ਸਾਹਿਬਾਂ ਨੇ ਕਦੋਂ ਤੇ ਕਿਉਂ ਰਚੀ ? ਇਸ ਬਾਰੇ ਇਤਹਾਸ ਵਿਚ ਇਉਂ ਵਰਣਨ ਮਿਲਦਾ ਹੈ।

ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਦੇ ਇਸ ਜੋਸ਼ ਨੂੰ ਜਥੇਬੰਦ ਕਰ ਕੇ ਭਗਤੀ ਤੇ ਸ਼ਕਤੀ ਨੂੰ ਜੋੜ ਦਿੱਤਾ। ਆਪ ਨੇ ਜ਼ੁਲਮ ਦੇ ਰਾਜ ਦਾ ਟਾਕਰਾ ਸ਼ਕਤੀ ਨਾਲ ਕਰਨ ਲਈ ਗੁਰਗੱਦੀ ਤੇ ਸੁਭਾਇਮਾਨ ਹੋਣ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਤੇ ਸਿੱਖਾਂ ਨੂੰ ਸ਼ਸਤ੍ਰ ਧਾਰੀ ਹੋਣ ਦਾ ਹੁਕਮ ਦਿੱਤਾ।

ਮੁਗਲ ਬਾਦਸ਼ਾਹ ਸ਼ਾਹਜਹਾਂ ਦੀਆਂ ਫੌਜਾਂ ਨਾਲ ਆਪ ਦੇ ਜੰਗ ਹੋਏ। ਇਸ ਤਰ੍ਹਾਂ ਸਿੱਖ ਪੰਥ ਵਿਚ ਪਹਿਲੀ ਵਾਰ ਭਗਤੀ ਤੇ ਸ਼ਕਤੀ ਦਾ ਸੁਮੇਲ ਹੋਇਆ।

ਔਰੰਗਜ਼ੇਬ ਦੇ ਰਾਜ ਸਮੇਂ ਮੁਗਲੀਆ ਹਕੂਮਤ ਵਲੋਂ ਹਿੰਦੂ ਪਰਜਾ, ਸ਼ੀਆ ਮੁਸਲਮਾਨਾਂ, ਸੂਫ਼ੀ ਫ਼ਕੀਰਾਂ ਤੇ ਸਰਮੱਦ ਜਿਹੇ ਬੇਗੁਨਾਹ ਸੰਤਾਂ ਨੂੰ ਕਤਲ ਕੀਤਾ ਗਿਆ। ਹਿੰਦੂਆਂ ਨੂੰ ਜ਼ਬਰਨ ਮੁਸਲਮਾਨ ਬਣਾਇਆ ਜਾਂਦਾ ਸੀ। ਇਹਨਾਂ ਜ਼ੁਲਮਾਂ ਤੋਂ ਅਤਿਅੰਤ ਦੁਖੀ ਹੋ ਕੇ ਕਸ਼ਮੀਰੀ ਪੰਡਤਾਂ ਦਾ ਇਕ ਜੱਥਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਪੁਕਾਰ ਕਰਨ ਲਈ ਅੰਨਦਪੁਰ ਪਹੁੰਚਿਆ।

ਸਤਿਗੁਰ ਜੀ ਨੇ ਪੰਡਤਾਂ ਤੋਂ ਉਨ੍ਹਾਂ ਦਾ ਦੁਖ ਸੁਣ ਕੇ ਆਪਣਾ ਸੀਸ ਬਲੀਦਾਨ ਦੇਣ ਦਾ ਫੈਸਲਾ ਕੀਤਾ। ਆਪ ਨੇ ੯ ਸਾਲ ਦੀ ਉਮਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ੁਲਮ ਦਾ ਰਾਜ ਮਿਟਾਉਣ ਦੀ ਜ਼ਿਮੇਵਾਰੀ ਸੌਂਪੀ ਅਤੇ ਆਪ ਦਿੱਲੀ ਜਾ ਕੇ ਧਾਰਮਕ ਸੁਤੰਤਰਤਾ ਲਈ ਸ਼ਹੀਦ ਹੋ ਗਏ।

ਗੁਰਗੱਦੀ ਤੇ ਸੁਭਾਇਮਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਾਬਾ ਹਰਿਗੋਬਿੰਦ ਸਾਹਿਬ ਜੀ ਦਾ ਮਾਰਗ ਪ੍ਰਚਲਤ ਕਰ ਦਿੱਤਾ। ਜਵਾਨਾਂ ਦੀ ਫੌਜੀ ਸਿਖਲਾਈ ਸ਼ੁਰੂ ਹੋ ਗਈ ਅਤੇ ਕਿਲ੍ਹੇ ਉਸਾਰੇ ਗਏ। ਰਣਜੀਤ ਨਗਾਰੇ ਦੀ ਗੂੰਜ ਪਹਾੜਾਂ ਵਿੱਚ ਗੂੰਜਣ ਲਗੀ। ਕਿਲ੍ਹਿਆਂ ਤੇ ਖਾਲਸਈ ਨਿਸ਼ਾਨ ਸਾਹਿਬ ਲਹਿਰਾਉਣ ਲਗੇ।

ਪਹਾੜੀ ਰਾਜਿਆਂ ਤੇ ਮੁਗਲ ਹਕੂਮਤ ਨੇ ਇਸ ਲਹਿਰ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਬਾਈਧਾਰ ਦੇ ਪਹਾੜੀ ਰਾਜਿਆਂ ਨੇ ਵਾਰ ਭੰਗਾਣੁ ਅਸਥਾਨ ਤੇ ਸਤਿਗੁਰੂ ਜੀ ਤੇ ਚੜ੍ਹਾਈ ਕਰ ਦਿੱਤੀ। ਪਰ ਭੰਗਾਣੀ ਦੇ ਇਸ ਜੁੱਧ ਵਿਚ ਪਹਾੜੀ ਰਾਜਿਆਂ ਨੇ ਬੜੀ ਕਰਾਰੀ ਹਾਰ ਖਾਧੀ।

ਇਸ ਜੰਗ ਤੋਂ ਬਾਅਦ ਧਰਮ ਤੇ ਸੁਤੰਤਰਤਾ ਦੀ ਰੱਖਿਆ ਵਾਸਤੇ ਇਹ ਜਰੂਰੀ ਹੋ ਗਿਆ ਕਿ ਸ਼ਕਤੀ ਦਾ ਮਾਰਗ ਅਪਣਾਇਆ ਜਾਵੇ। ਹਾਲਾਤ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਸਤਿਗੁਰੂ ਜੀ ਨੇ ਆਪਣਾ ਉਦੇਸ਼ ਬਚਿੱਤਰ ਨਾਟਕ ਬਾਣੀ ਵਿਚ ਇਸ ਪ੍ਰਕਾਰ ਪ੍ਰਗਟ ਕੀਤਾ ।

ਹਮ ਏਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ
ਦੁਸ਼ਟ ਦੋਖੀਯਨਿ ਪਕਿਰ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨਿ॥

ਇਸ ਉਦੇਸ਼ ਦੀ ਪੂਰਤੀ ਲਈ ਭਗਤੀ ਦੇ ਨਾਲ ਸ਼ਕਤੀ ਦੀ ਲੋੜ ਸੀ। ਇਹਨਾਂ ਗ੍ਰੰਥਾਂ ਦੇ ਲਿਖਣ ਤੇ ਲਿਖਵਾਉਣਾ ਬਾਰੇ ਆਪ ਸ੍ਰੀ ਦਸਮ ਗ੍ਰੰਥ ਵਿਚ ਆਪਣਾ ਇਸ ਤਰ੍ਹਾਂ ਦਸਦੇ ਹਨ।

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ।
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੋ ਚਾਇ।

ਆਪ ਜੀ ਨੇ ਆਪਣੀ ਖਾਲਸਾ ਫੌਜ ਦੇ ਸਾਹਮਣੇ ਧਰਮ ਦਾ ਇਹ ਉਦੇਸ਼ ਰੱਖਿਆ।

ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥ (ਸ੍ਰੀ ਦਸਮ ਗ੍ਰੰਥ)।

ਗੁਰੂ ਸਾਹਿਬ ਨੂੰ ਮਜਬੂਰਨ ਸ਼ਕਤੀ ਦੀ ਵਰਤੋਂ ਵਾਲਾ ਮਾਰਗ ਅਪਨਾਉਣਾ ਪਿਆ। ਇਸ ਬਾਰੇ ਜ਼ਫ਼ਰਨਾਮਾ ਵਿਚ ਸਤਿਗੁਰੂ ਜੀ ਲਿਖਦੇ ਹਨ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜਸਤ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥

ਜਦੋਂ ਸਾਰੇ ਹੀਲਿਆਂ ਵਸੀਲਿਆਂ ਤੋਂ ਗਲ ਅਗੇ ਲੰਘ ਜਾਵੇ ਤਦ ਤਲਵਾਰ ਉਤੇ ਹੱਥ ਲੈ ਜਾਣਾ ਜਾਇਜ਼ ਹੈ।

ਇਸ ਬਾਣੀ ਦੀਆਂ ਤੁੱਕਾਂ ਸ੍ਰੀ ਦਸਮ ਗ੍ਰੰਥ ਵਿੱਚ ਦਰਜ ਹਨ।

*****


ਇਹ ਲੇਖ
ਸਰਦਾਰਨੀ ਸੁਰਜੀਤ ਕੌਰ ਸਾਰੰਗ
ਨੇ ਦਿੱਲੀ ਤੋਂ ਭੇਜਿਆ।
(੮੧੩੦੬੬੦੨੦੫)

*****

ਗ਼ਜ਼ਲ

## ਰਚਣਹਾਰ ਤਾਂ ਨਿਰ-ਆਕਾਰ ਹੈ

ਸ੍ਰੀ ਸਤੀਸ਼ ਗੁਲਾਟੀ, ਵੈਨਕੂਵਰ (ਕੈਨੇਡਾ)



ਕੁਝ ਕੁ ਇਸ ਪ੍ਰਕਾਰ ਨੇ,
ਤੇ ਕੁਝ ਕੁ ਉਸ ਪ੍ਰਕਾਰ ਨੇ ।
ਇਸ ਮਹਾਂਭਾਰਤ ਦੇ ਅੰਦਰ
ਹੋਰ ਵੀ ਕਿਰਦਾਰ ਨੇ ।

ਦੱਸ ਕਿਸ ਆਕਾਰ ਦੇ ਅੱਗੇ
ਜਾ ਮੱਥਾ ਰਗੜਦਾ ?
ਜਦ ਕਿ ਸ੍ਰਿਸ਼ਟੀ ਦਾ
**ਰਚਣਹਾਰ ਤਾਂ ਨਿਰ-ਆਕਾਰ ਹੈ ।**



ਵਰਨਮਾਲਾ ਤੋਂ ਅਗਾਂਹ ਹੈ,
ਰਿਸ਼ਤਿਆਂ ਦੀ ਵਿਆਕਰਣ,
ਰਿਸ਼ਤਿਆਂ ਦੀ ਵਿਆਕਰਣ ਦੇ
ਹੋਰ ਦਾਵੇਦਾਰ ਨੇ।

ਮੇਰਿਆ ਸਾਹਾਂ ਦੇ ਅੰਦਰ
ਹੈ ਇੱਛਾਵਾਂ ਦਾ ਵਜੂਦ,
ਮੇਰੀਆਂ ਸੋਚਾਂ ਦੇ ਅੰਦਰ
ਹੋਰ ਵੀ ਸੰਸਾਰ ਨੇ ।

ਸੇਲ 'ਤੇ ਲਾ ਕੇ ਤਾਂ ਦੇਖੋ
ਕੁਝ ਕੁ ਅਪਣੇ ਆਪ ਨੂੰ,
ਏਸ ਯੰਤਰ ਵਿੱਚ ਦੇਖੋ
ਸੈਂਕੜੇ ਬਾਜ਼ਾਰ ਨੇ ।

## ਸਾਨੂੰ ਇਨ੍ਹਾਂ ਤੇ ਮਾਣ ਹੈ

**Sardar Jatinder Singh awarded *PADMA SHRI* for humanitarian services during calamities**




**Sardar Baltej Singh Dhillon - First RCMP Sikh to wear a Turban in 1991**



After retirement in 2019, RCMP officer Sardar Baltej Singh Dhillon is holding many very high-level crime investigation positions in British Columbia (Canada) and is also a Director of the Canada India Education Society. He is also associated with several voluntary national and international humanitarian organizations, including those working towards eradication of the menace of drug-addiction.

**Sardar Satjiv Singh Chahil, the Pioneer who shaped the Silicon Valley**



**Sardar Satjiv Singh Chahil** (born on the 19th of October 1950 at Amritsar) studied at the Lawrence School, Sanawar, and obtained a Bachelor's degree from Punjab University, India. He has a Master's degree from the American (Thunderbird) Graduate School. He is an innovator and a pioneer who has helped many leading Silicon Valley firms that have changed the world. Few executives have had greater influence in shaping the Silicon Valley. Chahil established 'Apple' as the leader in multimedia PCs and digital media, helped 'Palm' create the world's first blockbuster mobile digital device, and built iconic brands at 'Sony' and 'HP'. As Advisor to top brand companies, he forged trailblazing alliances between technology firms and the other industries. He is a Trustee of the American India Foundation and has taken numerous philanthropic initiatives around the world. **(https://youtu.be/87F1IMCHsHA?si=bQBsuIUI4gYHwTCc)**


**Britain honors Sardar Ishar Singh the War Hero of Saragarhi**



The statue of war hero Sardar Ishar Singh has been erected near Wolverhampton in England. He led a contingent of 21 Sikhs against 10,000 Afghans on 12 September 1897 but did not surrender. It is an honor for Sikhs, for their dedication, bravery, and their sacrifices for humanity, irrespective of caste, creed and religion. These are virtues taught and demonstrated by our great Gurus time and again. Our hearts are full of reverence for them as we remember our heroes for their valour and dedication to the teachings of the Gurus.

**Sardar Fauja Singh 'Keeps Running' at age 113**

**Sardar Fauja Singh** is a renowned athlete popular as 'Turbaned Tornado', 'Running Baba', 'Sikh Superman'' and Man Extraordinaire'. He is a British marathon runner of Punjabi Indian descent. This Supercentenarian, has achieved many sports medals after he started running at the age of 89. At 113, he made several records in various age brackets and was awarded the British Empire Medal (BEM). He was featured in an Adidas advertising campaign alongside sports legends like Muhammad Ali and David Beckham.




A sportsman, Sardar Simran Jeet Singh was inspired by S. Fauja Singh to take up running. He wrote a book titled "**Fauja Singh Keeps Going**," It is the story of S. Fauja Singh's life and his grand achievements. S. Fauja Singh takes a balanced vegetarian diet. Some of his timings and records are:

1. *London Marathon* (2003) : 6 hours, 2 minutes at age 92.
2. *Toronto Waterfront Marathon* (2003) : 5 hours, 40 minutes.
3. *Toronto Waterfront Marathon* : (2011) : 8 hours, 25 minutes.
4. *Ontario Masters Meet* (2011) : Set 8 world records in 100m, 200m, 400m, 800m, 1500m, one mile, 3000m and 5000m.

Charitable work done by S. Fauja Singh includes the following.

1. *Cancer Research*: After his first marathon he started donating to support cancer patients.
2. *Children's Charities:* He has raised money for children's charities, including UK-based charity, BLISS (established by Dr Kartar Singh Lalvani, the "Vitamin King") to support premature and sick babies.
3. *Disaster Relief*: He also raised funds for disaster relief in 2004 Indian Ocean tsunami.
4. *Promoting Sikh Culture*: Sardar Fauja Singh is promoting Sikh culture and inspired many young people with his story.

## ਕੈਲਗਰੀ ਐਜੂਕੇਸ਼ਨਲ ਸੈਮੀਨਾਰ

**ਡਾ. ਦਵਿੰਦਰ ਸਿੰਘ ਜੀ, M.D. (ਮੁਖੀ, "ਕਲਗੀਧਰ ਟ੍ਰਸਟ", ਬੜੂ ਸਾਹਿਬ) ਦੇ ਭਾਸ਼ਣ ਦੇ ਕੁਝ ਅੰਸ਼**
**ਵਿਸ਼ਾ: ਵਿਸ਼ਵ-ਸ਼ਾਤੀ ਲਈ ਵਿੱਦਿਆ ਅਤੇ ਅੱਧਿਆਤਮਕ ਗਿਆਨ**



**VISION (Kalgidhar Trust, Baru Sahib, India)**
"To establish permanent peace in the world through value-based education and spiritual rejuvenation, by creating good global citizens".

ਕਲਗੀਧਰ ਟ੍ਰਸਟ ਬੜੂ ਸਾਹਿਬ (ਹਿਮਾਚਲ ਪ੍ਰਦੇਸ਼, ਭਾਰਤ) ਵਲੋਂ ਅਗਸਤ ਦੇ ਪਹਿਲੇ ਹਫ਼ਤੇ ਕੈਲਗਰੀ ਵਿਚ ਇਕ "ਐਜੂਕੇਸ਼ਨਲ ਸੈਮੀਨਾਰ" ਦਾ ਆਯੋਜਨ ਕੀਤਾ ਗਿਆ। ਇਸ ਵਿਚ ਡਾ. ਦਵਿੰਦਰ ਸਿੰਘ ਜੀ ਨੇ ਭਗਤ, ਸਮਾਜ ਸੁਧਾਰਕ ਅਤੇ ਵਿਦਵਾਨ **ਸੰਤ ਅਤਰ ਸਿੰਘ ਜੀ ਮਹਾਰਾਜ** (1866-1927) ਵਲੋਂ ਚੁਣੇ ਗਏ ਬੜੂ ਸਾਹਿਬ ਦੇ ਰਮਣੀਕ ਪਹਾੜੀ ਸਥਾਨ ਤੇ ਸਥਾਪਤ ਪਹਿਲੇ ਸਕੂਲ ਬਾਰੇ ਦੱਸਿਆ। ਭਾਰਤ ਦੀ ਸੁਤੰਤਰਤਾ ਵਿਚ ਵੱਡਾ ਹਿੱਸਾ ਪਾਉਣ ਵਾਲੇ ਪੰਡਤ ਮਦਨ ਮੋਹਨ ਮਾਲਵੀਯਾ ਦੇ ਮਸਤੂਆਣਾ ਆ ਕੇ ਸੰਤ ਜੀ ਮਹਾਰਾਜ ਨੂੰ ਬੇਨਤੀ ਕਰਨ ਤੇ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ (B.H.U., Varanasi) ਦੀ ਨੀਂਹ ਰੱਖੀ ਸੀ। ਸੰਤ ਜੀ ਦੀ ਪ੍ਰੇਰਣਾ ਸਦਕਾ ਪੰਜਾਬ ਦੀਆਂ ਰਿਆਸਤਾਂ ਵਲੋਂ ਇਸ ਲਈ ਬਹੁਤ ਸਾਰਾ ਧਨ ਦਾਨ ਕੀਤਾ ਗਿਆ ਸੀ। ਬਾਅਦ ਵਿਚ M.A., LL.B. (ਪ੍ਰੋਫੈਸਰ) ਸੰਤ ਤੇਜਾ ਸਿੰਘ ਜੀ ਮਹਾਰਾਜ (1877-1965) ਨੇ ਬੜੂ ਸਾਹਿਬ ਦੇ ਇਸ ਸਕੂਲ ਨੂੰ "ਅਕਾਲ ਅਕੈਡਮੀ" ਦੇ ਰੂਪ ਵਿਚ ਪ੍ਰਫੁੱਲਤ ਕੀਤਾ। ਸੰਤ ਤੇਜਾ ਸਿੰਘ ਜੀ ਹਾਰਵਰਡ, ਕੋਲੰਬੀਆ ਅਤੇ ਆਕਸਫੋਰਡ ਵਿਚ ਪੜ੍ਹੇ ਹੋਏ ਸਨ ਅਤੇ ਕੈਨੇਡਾ ਆਏ ਪੰਜਾਬੀਆਂ ਦੇ ਅਧਿਕਾਰਾਂ ਲਈ ਬੜੀ ਕਾਮਯਾਬੀ ਨਾਲ ਲੜੇ।

ਇਨ੍ਹਾਂ ਤੋਂ ਬਾਅਦ **ਬਾਬਾ ਇਕਬਾਲ ਸਿੰਘ ਜੀ,** (1926-2022), M.Sc., ਹਿਮਾਚਲ ਪ੍ਰਦੇਸ਼ ਤੋਂ ਡਾਇਰੈਕਟਰ ਐਗ੍ਰੀਕਲਚਰ ਵਜੋਂ ਰਿਟਾਇਰ ਹੋ ਕੇ ਇਸ ਸੰਸਥਾ ਦੀ ਸੇਵਾ ਕਰਦੇ ਰਹੇ ਅਤੇ ਇਸ ਦਾ ਬਹੁਤ ਵਿਸਤਾਰ ਕੀਤਾ। ਅਕਾਲ ਅਕੈਡਮੀ ਬੜੂ ਸਾਹਿਬ ਵਿਚ (10+2 ਤਕ) ਅਜੋਕੇ ਵਿਗਿਆਨ ਅਤੇ ਟੈਕਨਾਲੌਜੀ ਦੀ ਪੜ੍ਹਾਈ CBSE ਦੇ ਨਿਰਧਾਰਤ ਸਲੇਬਸ ਅਨੁਸਾਰ ਕਰਾਈ ਜਾਂਦੀ ਹੈ। ਇਥੇ ਬੱਚਿਆਂ ਨੂੰ ਪ੍ਰਸਿੱਧ **International Baccalaureate (IB), UGC-NET ਅਤੇ UPSC** ਦੇ ਇਮਤਿਹਾਨਾਂ ਦੀਆਂ ਤਿਆਰੀਆਂ ਕਰਨ ਦਾ ਪ੍ਰਬੰਧ ਹੈ। ਇਸ ਦੇ ਨਾਲ ਹੀ Punjab Agricultural University, Ludhiana, ਦੇ ਰਿਟਾਇਰ ਹੋਏ ਵਾਈਸ ਚਾਂਸਲਰ, ਖੇਤੀ ਵਿਗਿਆਨੀ ਅਤੇ Green Revolution ਦੇ ਮੋਢੀ ਡਾ. ਖੇਮ ਸਿੰਘ ਗਿੱਲ (1930-2019) ਦੀ ਨਿਗਰਾਨੀ ਵਿਚ ਉਤੱਰੀ ਭਾਰਤ ਦੇ ਪੇਂਡੂ ਇਲਾਕਿਆਂ ਵਿਚ 129 ਹੋਰ ਅਕਾਲ ਅਕੈਡਮੀਆਂ ਖੋਲੀਆਂ ਗਈਆਂ ਜਿਥੇ 70,000 ਤੋਂ ਵੱਧ ਬੱਚੇ ਮਿਆਰੀ ਸਿੱਖਿਆ ਲੈ ਰਹੇ ਹਨ। ਇਥੇ ਪਿਛੜੇ, ਗਰੀਬਾਂ, ਸ਼ਹੀਦਾਂ ਅਤੇ ਕਿਸਾਨਾਂ ਦੀਆ ਲੜਕੀਆਂ ਦੀ ਵਿੱਦਿਆ ਵਲ ਖਾਸ ਧਿਆਨ ਦਿੱਤਾ ਜਾਂਦਾ ਹੈ।

ਔਰਤਾਂ ਦੇ ਸਸ਼ਕਤੀਕਰਨ (Women Empowerment) ਲਈ ਇਨ੍ਹਾਂ ਦਾ ਪ੍ਰਬੰਧ ਉਚ ਵਿੱਦਿਆ ਅਤੇ ਟ੍ਰੇਨਿੰਗ ਪ੍ਰਾਪਤ 4400 ਇਸਤ੍ਰੀਆਂ ਹੀ ਕਰ ਰਹੀਆਂ ਹਨ। ਅਜੋਕੀ ਵਿੱਦਿਆ ਦੇ ਨਾਲ ਗੁਰਮੁਖੀ, ਗੁਰਬਾਣੀ, ਨਿੱਤਨੇਮ ਅਤੇ ਸ਼ਬਦ ਕੀਰਤਨ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਪੰਜਾਬ ਦੇ ਮਾਣਮੱਤੇ ਇਤਿਹਾਸ ਅਤੇ ਸਿੱਖ ਵਿਰਸੇ ਤੋਂ ਜਾਣੂ ਕਰਵਾਇਆ ਜਾਂਦਾ ਹੈ। ਕਲਗੀਧਰ ਟ੍ਰਸਟ ਦਾ ਮਿਸ਼ਨ ਸੰਪੂਰਨ ਸ਼ਖਸੀਅਤਾਂ ਘੜਨਾ ਹੈ ਜੋ ਗੁਰਆਂ ਦੀ ਸਿੱਖਿਆ ਤੋਂ ਆਪਣੇ ਗਿਆਨ ਅਤੇ ਆਦਰਸ਼ਕ ਆਚਰਣ ਨਾਲ ਸਮਾਜ ਦੀ ਸੇਵਾ ਅਤੇ ਸੰਸਾਰ ਵਿਚ ਭਾਈਚਾਰੇ, ਵਿੱਦਿਅਕ ਪ੍ਰਸਾਰ, ਬਰਾਬਰੀ ਅਤੇ ਸ਼ਾਂਤੀ ਲਈ ਕੰਮ ਕਰਣ।

ਕਲਗੀਧਰ ਟ੍ਰਸਟ ਨੇ ਬੜੂ ਸਾਹਿਬ ਵਿਚ ਕਈ ਕਾਲਜ ਖੋਲੇ। ਦੋ ਵਿਸ਼ਵ-ਪੱਧਰ ਦੀਆਂ ਯੂਨੀਵਰਸਿਟੀਆਂ ਬਣਾਈਆਂ (ਇੱਕ ਬੜੂ ਸਾਹਿਬ ਵਿਚ ਅਤੇ ਦੂਸਰੀ ਪੰਜਾਬ ਵਿਚ)। ਇਨ੍ਹਾਂ ਯੂਨੀਵਰਸਿਟੀਆਂ ਵਿਚ M.A., M.Sc., M.B.A., M.Tech., B.Tech. ਦੀ ਪੜ੍ਹਾਈ ਦੇ ਨਾਲ ਖੋਜ ਦਾ ਕੰਮ ਵੀ ਕੀਤਾ ਜਾਂਦਾ ਹੈ। ਬੜੂ ਸਾਹਿਬ ਇੱਕ ਵਿੱਦਿਆ ਅਤੇ ਰੂਹਾਨੀਅਤ ਦਾ ਮਹੱਤਵਪੂਰਣ ਕੇਂਦਰ ਹੈ। ਇਥੇ ਇੱਕ ਗੁਰਦਵਾਰਾ ਸਾਹਿਬ ਦੀ ਸਥਾਪਨਾ ਵੀ ਕੀਤੀ ਗਈ ਹੈ। ਬੱਚੇ ਇੱਥੇ ਗੁਰਬਾਣੀ ਦਾ ਪਾਠ ਅਤੇ ਨਿਰਧਾਰਤ ਰਾਗਾਂ ਅਨੁਸਾਰ ਕੀਰਤਨ ਸਿੱਖਦੇ ਹਨ। ਤੰਤੀ ਸਾਜ਼ਾਂ (String Instruments) ਨਾਲ ਕੀਰਤਨ ਸਿੱਖਣ ਦਾ ਪ੍ਰਬੰਧ ਹੈ ਤਾਕਿ ਸਾਡਾ ਵਿਰਸਾ ਸੰਭਾਲ ਕੇ ਰੱਖਿਆ ਜਾ ਸਕੇ। ਡਾ. ਦਵਿੰਦਰ ਸਿੰਘ ਨੇ ਅਪੀਲ ਕੀਤੀ ਕਿ ਗ਼ਰੀਬ ਬਚਿੱਆਂ ਦੀ ਪੜ੍ਹਾਈ ਲਈ ਅਸੀਂ ਦਸਵੰਧ ਦਈਏ ਤਾ ਕਿ, ਘਟ ਗਿਣਤੀ ਯਹੂਦੀਆਂ ਵਾਂਗ, ਸਿੱਖ ਕੌਮ ਹੋਰ ਤਰੱਕੀ ਕਰ ਸਕੇ।

**"ਕਲਗੀਧਰ ਟ੍ਰਸਟ" ਵਲੋਂ ਬੜੂ ਸਾਹਿਬ ਵਿਚ ਸਥਾਪਤ ਅਦਾਰਿਆਂ ਵਿਚੋਂ ਕੁਝ ਇਹ ਹਨ।**

1. Eternal University, Baru Sahib
2. College of Engg & Technology
3. Institute of Rural Women Empowerment
4. Institute of Training for Rural Education
5. College of Economics and Business Administration
6. Charitable Hospital (for All)
7. De-Addiction Centers
8. Punjabi Learning Center
9. Gurmat Training Camps

**And in Punjab**

10. Akal University, Talwandi Sabo (in District Bathinda).



## Story of Months and the Calendar

Rubbina Singh, University of Calgary (Canada)

The month of September signals the end of summer, the beginning of autumn, and the start of a new school year. September marks the beginning of months, earlier named after their numerical positions in the year. But the numbers and months do not add up anymore. September, based on the Latin *septem-* meaning "seven," is now the ninth month of the year. According to the original Roman calendar, September was the seventh month of the year. This calendar year had only 10 months called: *Martius, Aprilis, Maius, Junius, Quintilis, Sextilis,* September, October, November, and December. The last six months were assigned names according to their numbers. *Quintilis* is the fifth month, *Sextilis* is the sixth month, and *September* was the seventh month.

**Julian Calendar'** was introduced in 46 BCE by Julius Caesar' with two more months, January and February. *Quintilis* and *Sextilis* were renamed *July* and *August* in honor of Julius Caesar and Augustus Caesar but the names for September, October, November, and December did not change. This gave us the present-day calendar with 12 months in the year.

Year numbers divisible by 4 were called *Leap years*. Julian Calendar had 365.25 days which differed from the actual 'Tropical' year (based on earth's one rotation around the Sun) by 12 minutes, causing an error of one day in 128 years. This led to change in the dates of important Christian holy days and caused confusion.

**Pope Gregory XIII** improved the Julian Calendars in 1582 to make a more accurate Common Era or Christian Era (CE) calendar, which is now accepted all-over the world. In the CE year, numbers divisible by 400 are also Leap years. Julian year fell 13 days behind the Gregorian.

Generally, Labor Day (the first Monday in September) means the end of summer vacation. But this day is a celebration of the importance of the work of workers. In September starts the new academic year at most of the schools, and review of the lessons of the previous year. Jewish holy fastings *Yom Kippur,* are observed in this month. In September, the US Constitution and Citizenship Days recognize the Constitution of the United States and ambitions of those trying to become US citizens.

ਰੁਮਾਲਾ ਸਾਹਿਬ ਅਤੇ ਸਿਰੋਪਾਓ ਦੀ ਵੀ ਬੇਦਬੀ ਦੇਖਣ ਨੂੰ ਮਿਲਦੀ ਹੈ, ਮਨ ਬਹੁਤ ਖਰਾਬ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਹੋਵੇ ਕਿ ਇਸ ਭੇਟਾ ਦੀ ਮਾਇਆ ਇੱਕ ਅਕਾਊਂਟ ਵਿੱਚ ਜਮ੍ਹਾਂ ਕਰਵਾ ਦਿੱਤਾ ਜਾਵੇ ਤਾਂਕਿ ਲੋੜ ਮੁਤਾਬਿਕ ਰੁਮਾਲਾ ਸਾਹਿਬ ਤਿਆਰ ਕਰਵਾ ਕੇ ਸਾਂਝੀ ਅਰਦਾਸ ਹੋਵੇ। ਵਾਹਿਗੁਰੂ ਜਾਣੀ ਜਾਣ ਹੈ,ਉਹ ਦਿਖਾਵਾ ਨਹੀਂ ਸ਼ਰਧਾ ਭਰਪੂਰ ਪਿਆਰ ਤੇ ਖੁਸ਼ ਹੁੰਦਾ ਹੈ। ਲੋੜਵੰਦ ਦੀ ਮਦਦ ਦਾ ਸਿਧਾਂਤ ਵੀ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਦਿੱਤਾ ਸੀ, ਪਤਾ ਨਹੀਂ ਉਸ ਦੀ ਪਾਲਣਾ ਅਸੀਂ ਨਾਨਕ ਨਾਮ ਲੇਵਾ ਅਖਵਾਉਣ ਵਾਲੇ ਕਿਉ ਨਹੀਂ ਕਰ ਰਹੇ।

ਅਸੀਂ ਸਾਰੇ ਹੀ ਵਿਚਾਰ ਕਰੀਏ, ਗੁਰੂ ਘਰ ਵਿੱਚ ਜਿਸ ਚੀਜ਼ ਦੀ ਜ਼ਰੂਰਤ ਹੋਵੇ ਪ੍ਰਬੰਧਕਾਂ ਨੂੰ ਪੁੱਛ ਕੇ ਭੇਟ ਕੀਤੀ ਜਾਵੇ ਤਾਂ ਵੀ ਸਾਡੀ ਭੇਟ ਕਰਨ ਦੀ ਭਾਵਨਾ ਪਰਵਾਨ ਹੋਵੇਗੀ ਜੀ।

ਰੱਬ ਰਾਖਾ 👏👏





# ਔਰਤਾਂ ਦਾ ਸਨਮਾਨ ਕਰੋ

ਸਰਦਾਰਨੀ ਸੁਰਜੀਤ ਕੌਰ ਸਾਰੰਗ, ਦਿੱਲੀ-18

ਭਾਰਤ ਦੀਆਂ ਪੁਰਾਣੀਆਂ ਕਹਾਣੀਆਂ ਵਿਚ ਔਰਤ ਨੂੰ ਵੇਚਿਆ, ਜੂਏ ਵਿੱਚ ਹਾਰਿਆ, ਅੱਗ ਰਾਹੀ ਪਰੀਖਿਆ, ਬ੍ਰਾਹਮਣ, ਮੁਲਾਣੇ ਆਦਿ ਪੁਜਾਰੀਆਂ ਵਲੋਂ ਲਤਾੜਿਆ ਅਤੇ ਭੰਡਿਆ ਗਿਆ ਹੈ। ਜਦ ਔਰਤ ਨੇ ਆਪਣਾ ਸਨਮਾਨ ਵਾਪਸ ਲੈਣ ਦੀ ਗੱਲ ਕਰਣੀ ਚਾਹੀ ਅਤੇ ਹਿੰਮਤ ਕੀਤੀ ਤਾਂ ਉਸ ਨੂੰ ਦੇਵੀ ਲੱਛਮੀ, ਬੇਗਮ ਆਖ ਕੇ ਮੂਰਖ ਬਣਾ ਦਿੱਤਾ ਗਿਆ। ਰਾਜਿਆਂ ਨੇ ਦਿਲ ਦਹਲਾ ਦੇਣ ਵਾਲੇ ਕੰਮ ਕੀਤੇ। ਔਰਤਾਂ ਦੇ ਅਨੰਜਨਮੇ ਬੱਚੇ ਨੂੰ ਪੇਟ ਚੀਰ ਕੇ ਬਾਹਰ ਸੁੱਟ ਦਿਤੇ ਗਏ।


ਭਾਰਤ ਵਿਚ ਇਕ ਦੌਰ ਸਿੱਖ ਰਾਜ ਦਾ ਵੀ ਆਇਆ। ਜਦੋਂ ਖਾਲਸਾ ਰਾਜ ਦਾ ਪਰਚਮ ਉੱਤਰੀ ਹਿੰਦ ਦੀ ਸਰਜ਼ਮੀਨ ਤੇ 50 ਸਾਲਾਂ ਤੱਕ ਲਹਿਰਾਇਆ ਤਾਂ ਔਰਤਾਂ ਨੇ ਸੁਖ ਦਾ ਸਾਹ ਲਿਆ। ਜਬਰਨ ਵਿਆਹ ਦੀ ਕੋਈ ਘਟਨਾ ਨਾ ਘਟੀ। ਮਾਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਹੋਈ ਉਨ੍ਹਾਂ ਦੀ ਰਾਣੀਆਂ ਚਿਖ਼ਾ ਵਿਚ ਸੜ ਕੇ ਨਾਲ ਹੀ ਮਾਰੀਆਂ ਗਈਆਂ ਕਿਉਂਕਿ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਸੀ। ਫਿਰ ਵੀ ਇਹ ਸਿੱਖ ਰਾਜ ਲਈ ਮਾੜੀ ਘਟਨਾ ਹੈ। ਸਿੱਖ ਕਦੀ ਔਰਤ ਤੇ ਜ਼ੁਲਮ ਨਹੀਂ ਕਰਦਾ। ਕੁਝ ਧਰਮ ਸਥਾਨਾਂ ਵਿੱਚ ਪੁਜਾਰੀ ਜਨਤਾ ਨੂੰ ਮੂਰਖ ਬਣਾ ਕੇ ਉਨ੍ਹਾਂ ਕੋਲੋਂ ਕੁੜੀਆਂ ਦਾਨ ਵਿੱਚ ਪ੍ਰਾਪਤ ਕਰਦੇ ਰਹੇ। ਜਿਨ੍ਹਾਂ ਦਾ ਪੁਜਾਰੀ ਤੇ ਰਾਜਿਆਂ ਵੱਲੋਂ ਰੱਜ ਕੇ ਸ਼ੋਸ਼ਨ ਕੀਤਾ ਜਾਂਦਾ ਰਿਹਾ। ਕਈ ਡੇਰਿਆਂ ਵਿੱਚ ਅਜ ਵੀ ਇਹ ਸਭ ਕੁਝ ਹੋ ਰਿਹਾ ਹੈ। ਲੋਕ ਕਾਮ ਵਾਸਨਾਵਾਂ ਵਲ ਖਿੱਚੇ ਗਏ ਜਿਸ ਨੇ ਮਨੁੱਖਤਾ ਦਾ ਖਾਤਮਾ ਕਰ ਦਿੱਤਾ। ਸਾਡੇ ਦੇਸ ਦੀ ਰਾਜਧਾਨੀ ਅੰਦਰ ਸਿੱਖ ਬੱਚੀਆਂ ਦਾ ਰੱਤ ਡੋਲ੍ਹਿਆ ਗਿਆ ਅਤੇ ਪੱਤ ਲੁੱਟੀ ਗਈ ਜਿਸ ਦਾ ਉਹ ਸਾਲਾਂ ਤੋਂ ਇਨਸਾਫ਼ ਮੰਗ ਰਹੀਆਂ ਹਨ। ਅਜ ਤਕ ਸਿੱਖ ਔਰਤਾਂ ਨੂੰ ਇਨਸਾਫ ਦਿਵਾਉਣ ਦਾ ਢੋਂਗ ਚਲ ਰਿਹਾ ਹੈ। ਅਜ ਸੰਸਾਰ ਵਿਚ ਵੱਡੀ ਤਬਦੀਲੀ ਆਈ ਹੈ। ਔਰਤਾਂ ਤੇ ਜ਼ੁਲਮ ਕਰਨ ਦੇ ਢੰਗ ਵੀ ਬਦਲ ਗਏ ਹਨ। ਅਜਿਹੇ ਲੋਕਾਂ ਦੇ ਨਾਪਾਕ ਇਰਾਦਿਆਂ ਨੂੰ ਹਮੇਸ਼ਾਂ ਲਈ ਠਲ੍ਹ ਪਾਣੀ ਚਾਹੀਦੀ ਹੈ। ਅਜ ਸਿੱਖਾਂ ਨੂੰ ਅਨੁਸ਼ਾਸਨ ਵਿਚ ਰਹਿ ਕੇ ਹਰ ਧਰਮ ਦੀਆਂ ਔਰਤਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਇਹੋ ਗੁਰੂ ਸਾਹਿਬਾਨ ਦਾ ਉਪਦੇਸ਼ ਹੈ।



## Darbar Sahib and Amritsar Sarovars

Dr Rajbir Singh Bhatti, Mt. Royal University, Calgary (Canada)






**Amritsar** (31°37′12″N, 74°52′35″E) was founded by (the fourth) Guru Ram Das, who purchased the from its owners. He ordered the excavation of a pond of pure water around the place of worship, *Darbar Sahib*, as per the hymn *"Pawan Guru, pani pita, mata dharti mahat"* (Air is Teacher, Water is Father and Earth is our Mother), by Guru Nanak, the First Guru. Guru Arjan the Fifth Guru completed this work. *'Amrit'* means the nectar of immortality and *'sar'* is for *'sarovar'*. Mian Mir, a Muslim saint, was invited to lay the foundation stone of Darbar Sahib in 1604. It became known as Golden Temple when Maharaja Ranjit Singh got its upper floors covered with gold-plated copper sheets in the 1830s. The regilding was done again in 1999. The interior was decorated with birds, flowers and other nature motifs by Baba Kharak Singh.

***Darbar Sahib*** **and** ***Amrit Sarovar*** are at a lower level than outside, symbolic of humility in a spiritual center of *Sikhi*, identity and values. The Sarovar has a marble *Parikrama* (38 ft wide) around it. Pilgrims can enter from any of the four gates on all four sides. A causeway (*Darshani Deori*) connects *Parikrama* with the sanctum sanctorum (a marble platform 67 ft x 67 ft) where Sri Guru Granth Sahib, the Holy scripture of Sikhism, is placed. Hundreds of thousands of pilgrims visit daily and take free and fresh vegetarian food (*Langar*).

***Akal Takht***, "Throne .of the Timeless (God)", was established by (the Sixth) Guru Hargobind Sahib, in front of the sanctum sanctorum and the causeway. This is a place to conduct Sikhs' ceremonial and secular affairs.

Darbar Sahib complex was destroyed by invaders Massa Rangar in 1740, by Zakria Khan in 1746, by Jahan Khan in 1757, by Ahmed Shah Abdali in 1762. It was later damaged by Indian rulers. Two Bungas (sandstone towers) were constructed to watch for any Afghan raiders. During the 18th century, Sikh Chiefs built over 70 such *Bunga*s in order to provide accommodation for Sikh pilgrims and as Centers of Learning but were demolished by the British rulers.

Britishers wanted to demolish the Darbar Sahib after the 2nd Anglo-Sikh war and construct a church on this site. Crucifixes were put near *Ber* (jujube) trees and a clock tower, designed in a Gothic cathedral style with red bricks, was added. It was demolished by the Sikhs about 70 years later. In its place, a new entrance (called *Ghanta ghar Deori)* on the north side was made which now houses a museum on its upper floor and has a new clock on the top. The complex preserves three trees, *Ber Baba Buddha ji* (where Baba Buddha sat to supervise the construction of the pool), *Lachie Ber* (one under which Guru Arjan Sahib rested while the Sanctum was being built) and the third called *Dukh Bhanjani Ber*, across the *Amrit Sarovar* pool).

***Amrit Sarovar*** (500 x 490 x 17 feet) holds 30,000 gallons of water. Its base is untiled to allow natural groundwater recharge. Originally, a lime mixture plastered the walls of *Nanakshahi* bricks. Now it is lined by concrete. Wastewater is disposed of into a drain to recharge wells. Som e fish species in the sarovar keep cleansing the algae. Water Supply to the *Sarovar* was earlier dependent on rainwater. During British period it started from Upper Bari Doab canal (*Sikhan-wali Nahar*) of the Ravi river from Madhopur in Pathankot.

***Kar Sewa,*** was done five times to clean the sarovar by devotees who removed silt from the bottom. It was done in June 1923 (after inception of the SGPC), in March 1973, in October 1984 (after Operation Blue-Star), in May 1988 (after Operation Black-Thunder), and in March 2004. A Water Filtration Plant (with a capacity of 25,000 litres per minute) is being used to clean the water flowing into the sarovar. Its aeration ducts pass oxygen through the water stream to supply pure water to the Amrit Sarovar and the four other Sarovars (Santokhsar, Ramsar, Kaulsar, and Bibeksar) near Darbar Sahib, through a network of covered tunnels.







The British period Gothic clock tower









# ਪਰਉਪਕਾਰ ਅਤੇ ਸ਼ੁਕਰਾਨਾ

ਸਰਦਾਰ ਉਂਕਾਰ ਸਿੰਘ ਟਿਵਾਣਾ, ਬ੍ਰੈਂਡਫੋਰਡ (ਕੈਨੇਡਾ)



ਜੌਨ ਡੀ. ਰੌਕੇਫੈਲਰ (1839 – 1937) ਕਦੇ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਅਤੇ ਪਹਿਲਾ ਅਰਬਪਤੀ ਸੀ। ਉਸਨੇ ਸੰਯੁਕਤ ਰਾਜ ਅਮਰੀਕਾ ਵਿੱਚ ਸਭ ਤੋਂ ਵੱਡੇ ਤੇਲ ਸਾਫ਼ ਕਰਨ ਦੇ ਕਾਰਖਾਨਿਆਂ ਵਿੱਚੋਂ ਇੱਕ ਨੂੰ 25 ਸਾਲ ਦੀ ਉਮਰ ਵਿਚ ਹਾਸਲ ਕਰ ਲਿਆ ਅਤੇ ਅਗਲੇ ਪੰਜ ਵਰ੍ਹਿਆਂ ਵਿਚ ਉਹ ਦੁਨੀਆਂ ਦੀ ਸਭ ਤੋਂ ਵੱਡੀ ਤੇਲ ਰਿਫਾਇਨਰੀ ਦਾ ਮਾਲਕ ਸੀ। ਉਹ 50 ਸਾਲ ਦੀ ਉਮਰ ਤੱਕ ਅਮਰੀਕਾ ਦਾ ਸਭ ਤੋਂ ਅਮੀਰ ਆਦਮੀ ਬਣ ਗਿਆ ਸੀ। ਉਸ ਦਾ ਸਾਰਾ ਜੀਵਨ ਉਸ ਸਮੇਂ ਤੱਕ ਆਪਣੀ ਨਿਜੀ ਦੌਲਤ ਵਧਾਉਣ 'ਤੇ ਹੀ ਕੇਂਦਰਿਤ ਸੀ।

ਅਚਾਨਕ 53 ਸਾਲ ਦੀ ਉਮਰ ਵਿੱਚ ਰੌਕੇਫੈਲਰ ਦੀ ਸਿਹਤ ਬਹੁਤ ਵਿਗੜ ਗਈ। ਉਸ ਦੇ ਸਾਰੇ ਵਾਲ ਝੜ ਗਏ ਅਤੇ ਉਹ ਸੂਪ ਤੋਂ ਇਲਾਵਾ ਕੁਝ ਵੀ ਹਜ਼ਮ ਨਹੀਂ ਕਰ ਸਕਦਾ ਸੀ। ਉਸਦੇ ਡਾਕਟਰਾਂ ਨੇ ਕਿਹਾ ਕਿ ਉਹ ਇੱਕ ਸਾਲ ਤੋਂ ਵੱਧ ਨਹੀਂ ਜੀਵੇਗਾ। ਰੌਕੇਫੈਲਰ ਨੇ ਸੋਚਿਆ ਕਿ ਉਸਦੀ ਸਾਰੀ ਦੌਲਤ ਅਰਥਹੀਣ ਸੀ ਜੇ ਇਸ ਨਾਲ ਉਸ ਨੂੰ ਉਸ ਦੀ ਸਿਹਤ ਵਾਪਸ ਨਹੀਂ ਮਿਲੀ ਅਤੇ ਮੌਤ ਤੋਂ ਬਾਅਦ ਉਹ ਇਸਨੂੰ ਆਪਣੇ ਨਾਲ ਵੀ ਨਹੀਂ ਲਿਜਾ ਸਕਦਾ। ਇਸ ਲਈ ਉਸਨੇ ਹਸਪਤਾਲਾਂ, ਖੋਜ ਕੰਮਾਂ ਅਤੇ ਗ਼ਰੀਬਾਂ ਦੀ ਸਹਾਇਤਾ ਲਈ ਆਪਣੀ ਦੌਲਤ ਦਾਨ ਕਰਨ ਦਾ ਫੈਸਲਾ ਕੀਤਾ। ਇਸ ਤਰਾਂ "ਰੌਕੇਫੈਲਰ ਫਾਊਂਡੇਸ਼ਨ" ਦੀ ਸਿਰਜਣਾ ਹੋਈ, ਜਿਸ ਰਾਹੀਂ ਮਲੇਰੀਆ, ਤਪਦਿਕ ਅਤੇ ਡਿਪਥੀਰੀਆ ਦੇ ਇਲਾਜ ਸਮੇਤ ਹੋਰ ਕਈ ਵੱਡੀਆਂ ਡਾਕਟਰੀ ਖੋਜਾਂ ਹੋਈਆਂ।

ਹੈਰਾਨੀ ਦੀ ਗੱਲ ਇਹ ਹੋਈ ਕਿ ਜਦੋਂ ਰੌਕੇਫੈਲਰ ਨੇ ਇਹ ਸੇਵਾ ਸ਼ੁਰੂ ਕੀਤੀ ਤਾਂ ਉਸਦੀ ਸਿਹਤ ਵਿੱਚ ਲਗਾਤਾਰ ਸੁਧਾਰ ਹੋਣ ਲਗ ਪਿਆ ਅਤੇ ਉਹ 98 ਸਾਲ ਦੀ ਉਮਰ ਤੱਕ ਜਿਉਂਦਾ ਰਿਹਾ। ਰੌਕੇਫੈਲਰ ਨੇ 'ਪਰਉਪਕਾਰ' ਨੂੰ ਇਸ ਦਾ ਇੱਕੋ ਕਾਰਣ ਦੱਸਿਆ। ਆਪਣੇ ਬਾਅਦ ਦੇ ਸਾਲਾਂ ਵਿੱਚ ਉਸਨੇ ਪ੍ਰਮਾਤਮਾ ਦਾ 'ਸ਼ੁਕਰਾਨਾ' ਕਰਦੇ ਹੋਏ ਆਪਣੀ ਡਾਇਰੀ ਵਿੱਚ ਲਿਖਿਆ:

"ਪਰਮਾਤਮਾ ਨੇ ਮੈਨੂੰ ਸਿਖਾਇਆ ਹੈ ਕਿ ਸੰਸਾਰ ਵਿਚ ਸਭ ਕੁਝ ਉਸ ਦਾ ਹੈ। ਮੈਂ ਤਾਂ ਉਸ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਸਿਰਫ਼ ਇੱਕ ਜ਼ਰੀਆ ਹੀ ਸੀ। ਮੇਰੀ ਜ਼ਿੰਦਗੀ ਇੱਕ ਲੰਬੀ ਅਤੇ ਖੁਸ਼ਹਾਲ ਯਾਤਰਾ ਸੀ ਜੋ ਕੰਮ ਅਤੇ ਤਸੱਲੀ ਨਾਲ ਭਰਪੂਰ ਸੀ। ਹੁਣ ਮੈਂ ਚਿੰਤਾ ਛੱਡ ਦਿੱਤੀ ਹੈ। ਰੱਬ ਹਰ ਰੋਜ਼ ਮੇਰੇ ਲਈ ਚੰਗਾ ਕਰ ਰਿਹਾ ਹੈ"।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਵਿਸ਼ਵ-ਪ੍ਰਸਿੱਧ ਹਨ। ਵਿਸ਼ਵ ਪੰਜਾਬੀ ਕਵੀ ਸਭਾ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਹਨ। ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਸਰਕਾਰ ਤੋਂ ਦੋ ਵਾਰ, ਭਾਰਤ ਅਤੇ ਵਿਦੇਸ਼ਾਂ ਵਿੱਚ ਕਈ ਵਾਰ, ਅਤੇਂ 'ਭਾਈ ਵੀਰ ਸਿੰਘ ਜੀ' ਅਵਾਰਡ ਮਿਲੇ। (E-mail: gurdish.grewal@gmail.com)

ਡਾ. ਸਰਦਾਰ ਕਾਬਲ ਸਿੰਘ, ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਮਹੱਤਵਪੂਰਣ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਿਆ। (E-mail: singhkabal285@gmail.com)

ਡਾ. ਸਰਦਾਰ ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। (E-mail: baldev3@yahoo.com)

ਡਾ. ਰਾਜਬੀਰ ਸਿੰਘ ਭੱਟੀ ਨੇ ਪਟਿਆਲਾ ਤੋਂ Industrial Engineering ਵਿਚ M. Tech. ਕਰ ਕੇ Ph. D. Indian Institute of Technology (IIT) Roorkee ਤੋਂ Supply Chain Optimization ਵਿੱਚ ਕੀਤੀ ਹੈ। ਵਰਤਮਾਨ ਵਿੱਚ Mount Royal University, Calgary ਵਿੱਚ Associate Professor ਅਤੇ ਵਿਭਾਗ ਦੇ ਮੁਖੀ ਹਨ। (Website: rajbirbhatti.ca)

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤੀ। (Website: http://www.mypanorama.ca.)

ਸਰਦਾਰਨੀ ਸੁਰਜੀਤ ਕੌਰ ਸਾਰੰਗ, ਬੀ.ਏ., ਬੀ.ਐਡ. ਕਰ ਕੇ ਅਧਿਆਪਕਾ ਸਨ ਅਤੇ ਰਿਟਾਇਰ ਹੋਏ ਹਨ। ਕਿਤਾਬਾਂ ਰੂਹ ਤੋਂ ਰੂਹ ਤੱਕ, ਪਵਿੱਤਰ ਰੂਹਾਂ , ਕਾਫ਼ੀ ਕਾਵਿ ਸੰਗ੍ਰਹਿ ਲਿਖੀਆਂ ਹਨ।

ਸਰਦਾਰ ਉਂਕਾਰ ਸਿੰਘ ਟਿਵਾਣਾ ਨੇ ਐਮ. ਟੈਕ. / ਐਮ.ਈ. ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਤੋਂ ਮਕੈਨੀਕਲ (ਪ੍ਰੋਡਕਸ਼ਨ) ਇੰਜੀਨੀਅਰਿੰਗ ਵਿੱਚ ਕੀਤੀ। ਕੁਝ ਸਾਲ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਨ ਤੋਂ ਬਾਅਦ ਉਹ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਦਾਖਲ ਹੋਏ। ਉਹ ਮਾਲਵਾ ਕਾਲਜ, ਫਰੀਦਕੋਟ, ਵਿਖੇ ਮਕੈਨੀਕਲ ਅਤੇ ਆਟੋਮੋਬਾਈਲ ਵਿਭਾਗ ਦੇ ਮੁਖੀ ਸਨ।

ਸਰਦਾਰ ਗੁਰਚਰਨ ਸਿੰਘ 'ਜੋਗੀ', ਐਮ.ਏ., ਐਮ. ਫਿਲ., ਬੀ.ਐਡ. ਕਰ ਕੇ ਹਰਿਆਣੇ ਦੇ ਸਕੂਲ ਵਿੱਚ ਮੁਖੀ ਹਨ। ਟੀ ਵੀ ਅਤੇ ਰੇਡੀਓ ਤੋਂ ਰਚਨਾਵਾਂ ਦਾ ਪ੍ਰਸਾਰਣ ਕਰਦੇ ਹਨ। ਸਾਹਿਤ ਅਕਾਦਮੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਵਿਚ ਰਚਨਾਵਾਂ ਛਪੀਆਂ। ਪੰਜਾਬ ਅਤੇ ਹੋਰ ਪ੍ਰਦੇਸ਼ਾਂ ਦੇ ਕਵੀ ਦਰਬਾਰਾਂ ਵਿਚ ਬਤੌਰ ਕਵੀ ਸ਼ਿਰਕਤ ਕੀਤੀ। ਪਿਛਲੇ ਲਗਭਗ 35-36 ਵਰ੍ਹਿਆਂ ਤੋਂ ਗ਼ਜ਼ਲ ਲੇਖਨ ਦਾ ਸਿਲਸਿਲਾ ਜਾਰੀ ਹੈ। (E-mail : gurcharansingh3266@gmail.com)

ਸਰਦਾਰ ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਬਤੌਰ ਐਕਸੀਅਨ ਰਿਟਾਇਰ ਹੋਏ ਹਨ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੇ ਅਤੇ ਹੋਰ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਵਿਦੇਸ਼ਾਂ ਵਿਚ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਅੰਤਰ-ਰਾਸ਼ਟਰੀ ਪੰਜਾਬੀ ਕਵੀ ਸਭਾ ਵਲੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍ਰ. ਪ੍ਰੀਤਮ ਸਿੰਘ ਕਾਸਦ ਪੁਰਸਕਾਰ ਮਿਲਿਆ। ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਹੁਣ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਹਨ। (E-mail : ksnoor50@gmail.com)

**Dr Sukhmander Singh, BSc Engg (**Thapar College of Engg. & Tech.), Master's in Civil Engineering from IIT, Delhi, and PhD from the University of California at Berkeley (USA), was Project Engineer and Consultant (at San Francisco), is Professor of Civil, Environmental and Sustainable Engineering at Santa Clara University (SCU), California. **First Sikh Endowed Professor,** he worked with the Trans-Alaska Pipeline and the San Pablo Clearwell Dam, has been teaching in SCU for 36 years and is Visiting Professor at Cambridge University, UK. Got Lifetime Achievement Award from the American Society of Civil Engineering. He wrote a book, "*Walking with the SIKHS of Today"*, and is President of Sikh Council of North America. ( ssingh@scu.edu).

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨਾਲ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਭੇਜੋ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦੇਣ। ਚਾਹੋ ਤਾਂ ਫੋਟੋ ਵੀ ਭੇਜ ਸਕਦੇ ਹੋ, ਪਰ ਫੋਟੋ ਜ਼ਰੂਰੀ ਨਹੀਂ।
7. ਲੇਖ ਦੀ ਲੰਬਾਈ (ਲੈਪਟਾਪ ਦੇ) ਦੋ ਪੰਨੇ ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਵੇ।
8. ਵਧੇਰੇ ਲੰਬੇ ਲੇਖ *sanjihivrasat.org* ਦੇ 'ਬਲ਼ੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ : ਦੇਖਣਾ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿੱਤਾ ਗਿਆ ਹੋਵੇ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. Magazine Policy :To Promote Punjabi Culture, History and Heritage. (By secular, Non-Political, Non-Personal Articles /Poems, after Review).
2. Editorial Board : Will not be responsible for views of Authors / Poets.
3. Font size 14 : Panjabi - AnmolLipi' (English – Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (Photo optional).
7. Maximum Length : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy-Right (CR) : Authors will ensure there is 'No CR' Infringement.
10. References/Photos : Source (Author, Title, Journal / Book, Year, Pages).

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)


| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਸਰਦਾਰਨੀ ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


### ਸਲਾਹਕਾਰ


| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸਰਦਾਰ ਰਣਸ਼ੇਰ ਰਾਜ ਸਿੰਘ | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ
(Editorial Board)



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ ਬੋਰਡ


ਡਾ. ਕਾਲਾ ਸਿੰਘ


ਡਾ. ਡੀ. ਪੀ. ਸਿੰਘ


ਡਾ. ਜਗਜੀਤ ਸਿੰਘ


ਡਾ. ਦਵਿੰਦਰ ਸਿੰਘ ਸੇਖ਼ੋਂ


ਸ੍ਰ. ਕਰਮਜੀਤ ਸਿੰਘ ਨੂਰ


ਅਮ੍ਰਿਤਪਾਂਲ ਕੌਰ


ਰਿਸ਼ੀ ਨਾਗਰ


Ransher Raj Singh
(Technical Astt.)